# ਪਰਵਾਸੀ ਪੰਜਾਬੀ ਸਾਹਿਤ ਦੇ ਵਰਤਮਾਨ ਸਰੋਕਾਰ

ਡਾ. ਰਵਿੰਦਰ ਸਿੰਘ*

ਪੰਜਾਬੀ ਲੋਕਾਂ ਦੇ ਪਰਵਾਸ ਦੇ ਸਿਲਸਿਲੇ ਨੂੰ ਸ਼ੁਰੂ ਹੋਇਆਂ ਹੁਣ ਸੌ ਸਾਲਾਂ ਤੋਂ ਉੱਪਰ ਹੋ ਚੁੱਕੇ ਹਨ। ਦੇਸ਼ ਦੀ ਅਜ਼ਾਦੀ ਤੋਂ ਪਹਿਲਾਂ ਤੋਂ ਸ਼ੁਰੂ ਹੋਇਆ ਇਹ ਅਮਲ ਹਾਲੇ ਵੀ ਜਾਰੀ ਹੈ। ਵਿਦੇਸ਼ ਜਾਕੇ ਵਸਣ ਦੇ ਕਾਰਣਾਂ ਵਿਚ ਕੋਈ ਬਹੁਤਾ ਵੱਡਾ ਫ਼ਰਕ ਨਹੀਂ ਆਇਆ ਹੈ ਅਤੇ ਨਾਂ ਹੀ ਦੇਸ਼ ਅਤੇ ਵਿਦੇਸ਼ ਵਿਚਕਾਰਲੇ ਅੰਤਰ ਵਿਚ ਹੀ ਕੋਈ ਵੱਡੀ ਤਬਦੀਲੀ ਆਈ ਹੈ। ਇਸੇ ਤਰ੍ਹਾਂ ਬਾਹਰਲੇ ਦੇਸ਼ਾਂ ਵਿਚ ਜਾਕੇ ਵਸਣ ਵਾਲੇ ਪੰਜਾਬੀਆਂ ਦੇ ਅੰਤਰੀਵੀ ਕਿਰਦਾਰ ਵਿਚ ਵੀ ਗੁਣਾਤਮਕ ਪਖੋਂ ਬਹੁਤਾ ਫ਼ਰਕ ਨਹੀਂ ਪਿਆ। ਇਸ ਵੇਲੇ ਪਰਵਾਸ ਕਰ ਚੁੱਕੇ ਪੰਜਾਬੀਆਂ ਦੀ ਤੀਸਰੀ ਪੀੜ੍ਹੀ ਪੱਛਮੀ ਸਮਾਜ ਵਿਚ ਆਪਣੀ ਥਾਂ ਅਤੇ ਪਛਾਣ ਬਨਾਉਣ ਦੀ ਜਦੋ-ਜਹਿਦ ਵਿਚ ਰੁੱਝੀ ਹੋਈ ਹੈ। ਪਹਿਲੋਂ ਪਹਿਲ ਜੋ ਲੋਕ ਬਿਹਤਰ ਜੀਵਨ ਅਤੇ ਕੰਮ-ਧੰਦਿਆਂ ਦੀ ਤਲਾਸ਼ ਵਿਚ ਪਰਵਾਸ ਕਰ ਗਏ ਸਨ ਉਨ੍ਹਾਂ ਦੇ ਮਨ ਵਿਚ ਕਿਤੇ ਨਾ ਕਿਤੇ ਦੇਸ ਵਾਪਸ ਪਰਤਣ ਦੀ ਇੱਛਾ ਸੀ ਅਤੇ ਇਸੇ ਲਈ ਉਹ ਇੱਕਲੇ ਹੀ ਜਾਂਦੇ ਰਹੇ ਅਤੇ ਉਦਰੇਵੇਂ ਦੇ ਸ਼ਿਕਾਰ ਵੀ ਹੋਏ। ਮਗਰੋਂ ਭਾਵੇਂ ਉਨ੍ਹਾਂ ਨੇ ਆਪਣੇ ਪਰਿਵਾਰਾਂ ਨੂੰ ਵੀ ਬੁਲਾਉਣਾ ਸ਼ੁਰੂ ਕਰ ਦਿੱਤਾ ਪਰ ਆਪਣੇ ਸਭਿਆਚਾਰ ਤੋਂ ਟੁੱਟ ਕੇ ਪੱਛਮ ਦੇ ਅੱਤ-ਵਿਕਸਤ ਮਸ਼ੀਨੀ-ਖਪਤਕਾਰੀ ਸਭਿਆਚਾਰ ਵਿਚ ਆਪਣੇ ਪੈਰ ਜਮਾਉਣ ਦੀ ਚੁਣੌਤੀ ਨੇ ਉਨ੍ਹਾਂ ਵਿਚਕਾਰ ਪੀੜ੍ਹੀ-ਪਾੜੇ ਦੇ ਸੰਕਟ ਨੂੰ ਜਨਮ ਦਿੱਤਾ। ਦੂਸਰੀ ਪੀੜ੍ਹੀ ਲਈ ਪੰਜਾਬੀ ਸਭਿਆਚਾਰ ਅਤੇ ਪੱਛਮੀ ਸਭਿਆਚਾਰ ਵਿਚਕਾਰ ਤਾਲਮੇਲ ਬਿਠਾਕੇ ਚਲਣਾ ਬਹੁਤਾ ਔਖਾ ਕਾਰਜ ਰਿਹਾ ਹੈ। ਘਰ ਵਿਚ ਇਕ ਉਹ ਪੀੜ੍ਹੀ ਸੀ ਜਿਸਨੇ ਪੰਜਾਬ ਜਾਂ ਭਾਰਤ ਤੋਂ ਪਰਵਾਸ ਕਰਨ ਵੇਲੇ ਦੇ ਮਾਹੌਲ ਨੂੰ ਹੀ ਆਪਣੇ ਅੰਦਰ ਆਤਮਸਾਤ ਕੀਤਾ ਹੋਇਆ ਸੀ ਅਤੇ ਇਥੋਂ ਦੀਆਂ ਸਮਾਜਕ-ਸਭਿਆਚਾਰਕ ਤਬਦੀਲੀਆਂ ਨੂੰ ਗ੍ਰਹਿਣ ਨਹੀਂ ਕਰ ਸਕੇ ਸੀ। ਦੂਜੇ ਪਾਸੇ ਨਵੀਂ ਪੀੜ੍ਹੀ ਜੋ ਕਿ ਉਥੋਂ ਦੀ ਹੀ ਜੰਮ-ਪਲ ਸੀ, ਪੱਛਮੀ ਮਾਹੌਲ ਵਿਚ ਹੀ ਸਿਖਿਆ ਗ੍ਰਹਿਣ ਕਰ ਰਹੀ ਸੀ ਤੇ ਆਪਣੀਆਂ ਜੀਵਨ-ਲੋੜਾਂ ਮੁਤਾਬਿਕ ਉਸ ਸਭਿਆਚਾਰ ਵਿਚ ਢਲ ਵੀ ਰਹੀ ਸੀ। ਇਸ ਸਥਿਤੀ ਵਿਚ ਇਨ੍ਹਾਂ ਦੋਹਾਂ ਪੀੜ੍ਹੀਆਂ ਨੇ ਇਸ ਪੀੜ੍ਹੀ ਪਾੜੇ ਨੂੰ ਬਹੁਤ ਸ਼ਿੱਦਤ ਨਾਲ ਭੋਗਿਆ ਸੀ। ਇਸ ਤੋਂ ਬਾਅਦ ਦੀ ਤੀਜੀ ਪੀੜ੍ਹੀ ਜਿਸ

* ਐਸੋਸਿਏਟ ਪ੍ਰੋਫੈਸਰ, ਪੰਜਾਬੀ ਵਿਭਾਗ, ਦਿਆਲ ਸਿੰਘ ਕਾਲਜ, (ਯੂਨੀਵਰਸਿਟੀ ਆਫ਼ ਦਿੱਲੀ) ਲੋਧੀ ਰੋਡ, ਨਵੀਂ ਦਿੱਲੀ।

ਮਾਹੌਲ ਵਿਚ ਵਿਚਰ ਰਹੀ ਹੈ ਉਹ ਉੱਤਰ-ਆਧੁਨਿਕ ਮੁਲਾਂ ਦਾ ਯੁੱਗ ਹੈ ਜਿਸ ਵਿਚ ਉਨ੍ਹਾਂ ਨੂੰ ਆਪਣੀ ਪਛਾਣ ਆਪਣੇ ਮੂਲ ਸਭਿਆਚਾਰ ਵਿਚ ਦਿੱਸਦੀ ਹੈ ਪਰ ਉਥੋਂ ਦੇ ਸਮਾਜ ਨੂੰ ਉਹ ਸਹਿਜ ਰੂਪ ਵਿਚ ਗ੍ਰਹਿਣ ਕਰ ਚੁੱਕੇ ਹਨ। ਇਹ ਸਥਿਤੀ ਬਹੁਤ ਅਜੀਬ ਤਰ੍ਹਾਂ ਦੀ ਬਣ ਗਈ ਹੈ। ਇਸ ਸਭ ਦੇ ਨਾਲ ਪੰਜਾਬੀਆਂ ਦਾ ਪਰਵਾਸ ਵੀ ਚਾਲੂ ਹੈ ਅਤੇ ਨਾਲ ਹੀ ਗਿਣਤੀ ਵਿਚ ਵਾਧਾ ਹੋਣ ਨਾਲ ਆਪਣੀ ਸਮਾਜਕ ਸੋਚ ਤੇ ਕਦਰਾਂ ਕੀਮਤਾਂ ਨੂੰ ਸੰਭਾਲਕੇ ਰੱਖਣ ਦਾ ਜੋਸ਼ ਵੀ ਵੱਧ ਰਿਹਾ ਹੈ। ਪੱਛਮੀ ਪੰਜਾਬੀ ਸਮਾਜ ਇਸ ਵੇਲੇ ਬਹੁਤ ਫ਼ੈਸਲਾਕੁਨ ਪੜਾਅ ਉਤੇ ਪਹੁੰਚ ਚੁੱਕਾ ਹੈ ਜਿਥੋਂ ਉਸਨੇ ਆਪਣੇ ਸਭਿਆਚਾਰ ਦੀਆਂ ਪਿਛਾਂਹ-ਪਿੱਖੂ ਜਗੀਰੂ ਕਦਰਾਂ ਕੀਮਤਾਂ ਨਾਲ ਦਸਤ-ਪੰਜਾ ਵੀ ਲੈਣਾ ਹੈ ਅਤੇ ਨਾਲ ਹੀ ਪਰਵਾਸ ਨੂੰ ਆਪਣਾ ਆਵਾਸ ਮੰਨਕੇ ਉਥੇ ਆਪਣਾ ਯੋਗਦਾਨ ਵੀ ਪਾਉਣਾ ਹੈ।

ਪਰਵਾਸੀ ਪੰਜਾਬੀ ਸਮਾਜ ਦੀ ਵਰਤਮਾਨ ਸਥਿਤੀ ਉੱਪਰ ਇਸ ਟਿੱਪਣੀ ਦਾ ਮੰਤਵ ਇਹ ਸੀ ਕਿ ਜੋ ਸਾਹਿਤਕਾਰ ਪਰਵਾਸ ਵਿਚ ਰਹਿਕੇ ਲਿਖਣ ਦਾ ਕਾਰਜ ਕਰਦੇ ਰਹੇ, ਉਨ੍ਹਾਂ ਨੇ ਨਿਰੰਤਰ ਆਪਣੀ ਕਲਮ ਰਾਹੀਂ ਉਥੋਂ ਦੀਆਂ ਸਥਿਤੀਆਂ ਨੂੰ ਪੇਸ਼ ਕੀਤਾ ਹੈ। ਉਨ੍ਹਾਂ ਦੇ ਸਾਹਿਤ ਦੇ ਸੰਦਰਭ ਅਤੇ ਸਰੋਕਾਰ ਵੀ ਪਰਵਾਸੀ ਸਮੱਸਿਆਵਾਂ ਨਾਲ ਹੀ ਜੁੜੇ ਰਹੇ। ਪਰ ਅਜੋਕੇ ਸਮੇਂ ਵਿਚ ਪੰਜਾਬੀ ਸਾਹਿਤਕਾਰਾਂ ਨੇ ਆਪਣਾ ਸਰੋਕਾਰ ਵਿਸ਼ਵੀਕਰਣ ਦੇ ਅਮਲ ਮਗਰੋਂ ਪੈਦਾ ਹੋਈਆਂ ਨਵੀਆਂ ਪ੍ਰਸਥਿਤੀਆਂ ਨਾਲ ਵੀ ਜੋੜਿਆ ਹੈ। ਪੰਜਾਬੀ ਭਾਵੇਂ ਅਮਰੀਕਾ, ਕੈਨੇਡਾ ਅਤੇ ਯੋਰਪ ਦੇ ਵੱਖ-ਵੱਖ ਦੇਸ਼ਾਂ ਵਿਚ ਵਸੇ ਹੋਏ ਹਨ ਤੇ ਪੰਜਾਬ ਨਾਲ ਨਿਰੰਤਰ ਰਾਬਤਾ ਰਖਦੇ ਹਨ ਪਰ ਫਿਰ ਵੀ ਉਨ੍ਹਾਂ ਦੀ ਮਾਨਸਿਕਤਾ ਵਿਚ ਪੰਜਾਬੀ ਅਵਚੇਤਨ ਜੀਉਂਦਾ ਹੈ। ਪੰਜਾਬੀਆਂ ਦੇ ਖੁਲ੍ਹੇ-ਡੁਲ੍ਹੇ ਸੁਭਾ ਦੇ ਗੁਣਾਂ ਦੇ ਨਾਲ ਜਾਗੀਰੂ ਮਾਨਸਿਕਤਾ ਦੇ ਤੱਤ ਹਾਲੇ ਵੀ ਕਮਜ਼ੋਰ ਨਹੀਂ ਪੈ ਰਹੇ। ਪਰਵਾਸੀ ਸਾਹਿਤਕਾਰਾਂ ਨੇ ਆਰੰਭ ਵਿਚ ਨਿਰੋਲ ਪਰਵਾਸ ਦੀਆਂ ਸਮੱਸਿਆਵਾਂ ਬਾਰੇ ਲਿਖਿਆ ਅਤੇ ਨਸਲੀ ਵਿਤਕਰੇ, ਪੀੜ੍ਹੀ-ਪਾੜੇ, ਭੂ-ਹੇਰਵੇ ਵਰਗੇ ਵਿਸ਼ਿਆਂ ਨੂੰ ਪ੍ਰਮੁੱਖਤਾ ਦਿੱਤੀ। ਇਸ ਤਰ੍ਹਾਂ ਦੇ ਵਿਸ਼ੈਗਤ ਸਰੋਕਾਰ ਭਾਵੇਂ ਹਾਲੇ ਵੀ ਉਨ੍ਹਾਂ ਦੀਆਂ ਸਾਹਿਤ-ਕਿਰਤਾਂ ਵਿਚ ਦ੍ਰਿਸ਼ਟੀਗੋਚਰ ਹੁੰਦੇ ਹਨ ਪਰ ਪਿਛਲੇ ਕੁਝ ਸਮੇਂ ਤੋਂ ਸਾਹਿਤਕਾਰਾਂ ਨੇ ਆਪਣਾ ਸਰੋਕਾਰ ਨਵੀਆਂ ਸਮੱਸਿਆਵਾਂ ਨਾਲ ਜੋੜਿਆ ਹੈ ਜਿਸਦਾ ਦਾਇਰਾ ਬਹੁਤ ਵਿਸਤ੍ਰਿਤ ਹੈ। ਇਕ ਪਾਸੇ ਤਾਂ ਕੈਨੇਡਾ ਵਿਚ ਜਰਨੈਲ ਸਿੰਘ ਵਰਗਾ ਕਹਾਣੀਕਾਰ ਵਰਲਡ ਟ੍ਰੇਡ ਟਾਵਰਜ਼ ਦੀ ਘਟਨਾ ਨੂੰ ਆਪਣੀ ਕਹਾਣੀ ਦੀ ਪਿੱਠ-ਭੂੰਮੀ ਵਿਚ ਰਖਦਾ ਹੈ ਤਾਂ ਦੂਜੇ ਪਾਸੇ ਨਦੀਮ ਪਰਮਾਰ 'ਚਿੱਟੀ ਮੌਤ' ਨਾਵਲ ਵਿਚ ਏਡਜ਼ ਦੀ ਸਮੱਸਿਆ ਨਾਲ ਆਪਣਾ ਸਾਹਿਤ ਸਰੋਕਾਰ ਜੋੜਦਾ ਹੈ। ਬਰਤਾਨੀਆ ਦਾ ਪੰਜਾਬੀ ਨਾਵਲਕਾਰ ਹਰਜੀਤ ਅਟਵਾਲ ਆਪਣੇ ਨਾਵਲ 'ਸਾਊਥਾਲ' ਵਿਚ ਉਥੋਂ ਦੇ ਵਰਤਮਾਨ ਸਮਾਜ ਦੇ ਨਵੇਂ

ਸਮੱਸਿਆਕਾਰਾਂ ਨੂੰ ਪੇਸ਼ ਕਰਦਾ ਹੈ ਜਿਸ ਵਿਚ ਨਵੀਂ ਪੀੜ੍ਹੀ ਦੀ ਨਵੀਂ ਸੋਚ ਦੇ ਨਾਲ ਨਾਲ 'ਔਨਰ-ਕਿਲਿੰਗ' ਵਰਗੇ ਮਸਲੇ ਨੂੰ ਵੀ ਉਠਾਇਆ ਗਿਆ ਹੈ। ਅਜਮੇਰ ਰੋਡੇ ਨੇ 'ਨਿਰਲੱਜ' ਨਾਟਕ ਰਾਹੀਂ ਪੰਜਾਬੀ ਸਮਾਜ ਵਿਚ ਪ੍ਰਚੱਲਤ 'ਮਾਦਾ ਭਰੂਣ-ਹੱਤਿਆ' ਦੀ ਸਮੱਸਿਆ ਨੂੰ ਬਹੁਤ ਬੇਬਾਕੀ ਨਾਲ ਪੇਸ਼ ਕੀਤਾ ਹੈ। ਇਸੇ ਤਰ੍ਹਾਂ ਨਦੀਮ ਪਰਮਾਰ 'ਸਪਾਂਸਰਸ਼ਿਪ' ਵਰਗੇ ਨਾਵਲ ਰਾਹੀਂ, ਵਿਦੇਸ਼ ਵਿਚ ਜਾਕੇ ਵਸਣ ਦੇ ਚਾਹਵਾਨ ਪੰਜਾਬੀਆਂ ਦੀ ਮਾਨਸਿਕ ਅਤੇ ਨੈਤਿਕ ਗਿਰਾਵਟ ਨੂੰ ਉਜਾਗਰ ਕਰਦਾ ਹੈ।

ਪਰਵਾਸੀ ਪੰਜਾਬੀ ਸਾਹਿਤਕਾਰਾਂ ਨੇ ਸਮਾਂ ਬੀਤਣ ਦੇ ਨਾਲ ਨਾਲ ਆਪਣੇ ਸਰੋਕਾਰਾਂ ਨੂੰ ਵਿਸਤ੍ਰਤ ਕੀਤਾ ਹੈ। ਪਰਵਾਸ ਨਾਲ ਜੁੜੇ ਸਮਾਜਕ-ਸਭਿਆਚਾਰਕ ਮਸਲਿਆਂ ਦੀਆਂ ਹੋਰ ਡੂੰਘਾਈਆਂ ਤੱਕ ਪਹੁੰਚ ਕੀਤੀ ਹੈ। ਉਨ੍ਹਾਂ ਮਸਲਿਆਂ ਨੂੰ ਨਵੇਂ ਵਿਚਾਰਧਾਰਕ ਸੰਦਰਭਾਂ ਵਿਚ ਰੱਖਕੇ ਨਜਿੱਠਣ ਦਾ ਵੀ ਉਪਰਾਲਾ ਕੀਤਾ ਜਾ ਰਿਹਾ ਹੈ। ਕਿਸੇ ਵੇਲੇ ਪੰਜਾਬੀ ਸਭਿਆਚਾਰ ਦੇ ਇਕ ਸੰਕਟ ਵਜੋਂ ਸਮਝੇ ਜਾਣ ਵਾਲੇ ਮੁੱਦਿਆਂ ਨੂੰ ਇਕ ਨਵੇਂ ਕਿਸਮ ਦੇ ਸਭਿਆਚਾਰ ਦੀ ਬਣਤ ਵਾਂਗ ਵਾਚਣ ਦਾ ਉਪਰਾਲਾ ਵੀ ਕੀਤਾ ਗਿਆ ਹੈ। ਇਸ ਤਰ੍ਹਾਂ ਜਿਥੇ ਇਕ ਪਾਸੇ ਪਰਵਾਸੀ ਪੰਜਾਬੀਆਂ ਦਾ ਪੱਛਮ ਵਿਚ ਆਪਣਾ ਨਿਵੇਕਲਾ ਸਮਾਜ ਉੱਸਰ ਰਿਹਾ ਹੈ ਤਾਂ ਦੂਜੇ ਪਾਸੇ ਉਸ ਸਮਾਜ ਦੀ ਪਛਾਣ ਬਣਨ ਵਾਲੀਆਂ ਕਦਰਾਂ ਕੀਮਤਾਂ ਦੀ ਨਿਸ਼ਾਨਦੇਹੀ ਦਾ ਅਮਲ ਵੀ ਚਲ ਰਿਹਾ ਹੈ। ਇਸ ਅਮਲ ਨੂੰ ਪਰਵਾਸੀ ਪੰਜਾਬੀ ਸਾਹਿਤਕਾਰਾਂ ਨੇ ਬਹੁਤ ਬਾਰੀਕੀ ਨਾਲ ਆਪਣੇ ਸਾਹਿਤ ਦਾ ਸੰਦਰਭ ਬਣਾਇਆ ਹੈ।

ਇਸ ਸੰਦਰਭ ਵਿਚ ਬਰਤਾਨਵੀ ਪੰਜਾਬੀ ਨਾਵਲਕਾਰ ਹਰਜੀਤ ਅਟਵਾਲ ਦੇ ਨਾਵਲ 'ਸਾਊਥਾਲ' ਦਾ ਜ਼ਿਕਰ ਕਰਨਾ ਉਚਿੱਤ ਜਾਪਦਾ ਹੈ। 'ਸਾਊਥਾਲ' ਨਾਵਲ ਵਿਚ ਉਸਨੇ ਪਰਵਾਸੀ ਪੰਜਾਬੀ ਭਾਈਚਾਰੇ ਨੂੰ ਪੇਸ਼ ਬਹੁਤ ਹੀ ਗੰਭੀਰ ਕਿਸਮ ਦੀਆਂ ਸਮੱਸਿਆ ਨੂੰ ਵਿਸਤਾਰ ਨਾਲ ਪੇਸ਼ ਕੀਤਾ ਹੈ। ਇੰਗਲੈਂਡ ਦੇ 'ਸਾਊਥਾਲ' ਸ਼ਹਿਰ ਵਿਚ ਉੱਸਰ ਰਹੇ ਬਹੁ-ਨਸਲੀ ਘੈਟੋ ਕਲਚਰ (Multi-Ethnic) ਨੂੰ ਅਧਾਰ ਬਣਾਕੇ ਪਰਵਾਸੀ ਪੰਜਾਬੀ ਸਮਾਜ ਦੀਆਂ ਸਮੱਸਿਆਵਾਂ ਨੂੰ ਨਵੇਂ ਦ੍ਰਿਸ਼ਟੀਕੋਣ ਤੋਂ ਸਮਝਣ ਦਾ ਯਤਨ ਕੀਤਾ ਹੈ। Ghetto Culture ਸ਼ਬਦ ਦੀ ਵਰਤੋਂ ਪੱਛਮੀ ਸਮਾਜ ਵਿਚ ਜਿਸ ਕਾਰਣ ਸ਼ੁਰੂ ਹੋਈ ਉਸੇ ਤਰ੍ਹਾਂ ਦੀਆਂ ਸਥਿਤੀਆਂ ਇੰਗਲੈਂਡ ਦੇ ਕੁਝ ਸ਼ਹਿਰਾਂ ਵਿਚ ਏਸ਼ੀਆਈ ਮੂਲ ਦੇ ਲੋਕਾਂ ਲਈ ਬਣ ਗਈਆਂ ਹਨ। ਸਾਊਥਾਲ ਵੀ ਘੱਟ-ਗਿਣਤੀ ਏਸ਼ੀਆਈ ਲੋਕਾਂ ਦੀ ਬਹੁ-ਗਿਣਤੀ ਵਾਲਾ ਇਲਾਕਾ ਬਣ ਗਿਆ ਹੈ ਜਿਸ ਵਿਚ ਬਰਤਾਨਵੀ ਮੂਲ ਦੇ ਲੋਕਾਂ ਦੀ ਗਿਣਤੀ ਨਾਂ-ਮਾਤਰ ਹੀ ਰਹਿ ਗਈ ਹੈ। ਬਾਕੀ ਹੋਰ ਵਿਸ਼ੇਸ਼ ਗੱਲਾਂ ਜਿਵੇਂ ਨਸਲੀ ਘੱਟ-ਗਿਣਤੀਆਂ ਅਤੇ ਗ਼ੈਰ ਕਾਨੂੰਨੀ ਪਰਵਾਸੀਆਂ ਦੀ ਇਕ ਥਾਂ ਬਹੁ-ਗਿਣਤੀ

ਬਣਨਾ, ਬਹੁ-ਗਿਣਤੀ ਵਲੋਂ ਨਸਲੀ ਵਿਤਕਰਿਆਂ ਤੇ ਹਿੰਸਾ ਤੋਂ ਮਜਬੂਰ ਹੋਕੇ ਲੋਕਾਂ ਦਾ ਇਕ ਥਾਂ ਇਕੱਠੇ ਹੋ ਜਾਣਾ ਆਦਿ ਅਜਿਹੇ ਕਾਰਣ ਹਨ ਜਿਸ ਨੇ ਸਾਊਥਾਲ ਨੂੰ ਘੈਟੋ ਕਲਚਰ ਦੇ ਹਾਲਾਤ ਦਿੱਤੇ ਹਨ। ਹਰਜੀਤ ਅਟਵਾਲ ਦਾ ਨਾਵਲ ਵੀ ਇਸੇ ਇਲਾਕੇ ਦੀ ਅਜਿਹੀਆਂ ਵਿਸ਼ੇਸ਼ਤਾਵਾਂ ਨੂੰ ਪਿੱਠਭੂੰਮੀ ਵਿਚ ਰੱਖਕੇ ਪੰਜਾਬੀ ਸਮਾਜ ਦੀ ਵਰਤਮਾਨ ਸਥਿਤੀ ਦਾ ਜਾਇਜ਼ਾ ਲੈਂਦਾ ਹੈ।

ਪਰਵਾਸੀ ਪੰਜਾਬੀ ਸਾਹਿਤਕਾਰਾਂ ਦੀਆਂ ਲਿਖਤਾਂ ਦਾ ਵਾਸਤਾ ਵਧੇਰੇ ਕਰਕੇ ਸਭਿਆਚਾਰਕ ਮਸਲਿਆਂ ਨਾਲ ਹੀ ਰਿਹਾ ਹੈ। ਭਾਵੇਂ ਇਹ ਮਸਲੇ ਦੋ ਸਭਿਆਚਾਰਾਂ ਦੇ ਆਪਸੀ ਸੰਵਾਦ ਨਾਲ ਸੰਬੰਧਤ ਹੋਣ ਜਾਂ ਫਿਰ ਸਭਿਆਚਾਰਾਂ ਦੇ ਟਕਰਾਓ ਨਾਲ। ਭਾਰਤ ਖੁਦ ਵੀ ਮਿਸ਼ਰਤ ਸਭਿਅਤਾਵਾਂ ਦਾ ਇਕ ਵੱਡਾ ਉਦਾਹਰਣ ਹੈ। ਇਸਦੇ ਇਤਿਹਾਸ ਨੇ ਸਭਿਆਚਾਰਾਂ ਦਾ ਟਕਰਾਓ ਵੀ ਵੇਖਿਆ ਹੈ ਤੇ ਸੰਵਾਦ ਵੀ ਸਿਰਜਿਆ ਹੈ। ਅਜਿਹੀ ਧਰਤੀ ਨਾਲ ਜੁੜੇ ਲੋਕਾਂ ਦੀ ਮਨੋ-ਬਿਰਤੀ ਵਧੇਰੇ ਕਰਕੇ ਸੰਵਾਦੀ ਰੂਪ ਹੀ ਧਾਰਦੀ ਹੈ। ਇਸੇ ਕਿਸਮ ਦੀ ਮਾਨਸਿਕਤਾ ਨਾਲ ਬਾਹਰਲੇ ਮੁਲਕਾਂ ਵਿਚ ਗਏ ਲੋਕਾਂ ਦਾ ਧਿਆਨ ਸ਼ੁਰੂਆਤ ਵਿਚ ਕਦੀ ਵੀ ਆਪਣੀ ਪਛਾਣ ਨੂੰ ਕਾਇਮ ਰੱਖਣ ਜਾਂ ਉਸਨੂੰ ਬਨਾਉਣ ਦੇ ਮਸਲਿਆਂ ਵਿਚ ਨਹੀਂ ਰਿਹਾ। ਹਾਲਾਂਕਿ ਸ਼ੁਰੂਆਤ ਵਿਚ ਪੰਜਾਬ ਤੋਂ ਪਰਵਾਸ ਕਰਨ ਵਾਲੇ ਲੋਕ ਬਸਤੀਵਾਦੀ ਸੋਚ ਦੇ ਸ਼ਿਕਾਰ ਹੋਏ, ਅੰਗਰੇਜ਼ੀ ਕਲਚਰ ਨੂੰ ਹੀ ਉੱਤਮ ਮੰਨਕੇ ਉਸਦੀ ਨਕਲ ਕਰਨਾ ਲੋਚਦੇ ਰਹੇ। ਛੁੱਟੀ ਕੱਟਣ ਦੇਸ਼ ਵਾਪਸ ਆਉਣ ਵੇਲੇ ਉਹ ਵਧੇਰੇ ਅੰਗਰੇਜ਼ੀ ਦਿੱਸਣਾ ਪਸੰਦ ਕਰਦੇ ਰਹੇ ਜਿਸ ਨਾਲ ਉਹਨਾਂ ਨੇ ਇਥੋਂ ਦੇ ਭਾਈਚਾਰੇ ਵਿਚ ਬੇਚੈਨੀ ਪੈਦਾ ਕਰ ਦਿੱਤੀ ਸੀ। ਵਿਦੇਸ਼ ਜਾਣ ਦੇ ਸੁਪਨਿਆਂ ਨੂੰ ਬੀਜਣ ਦਾ ਕੰਮ ਵੀ ਉਸੇ ਵੇਲੇ ਤੋਂ ਸ਼ੁਰੂ ਹੋ ਗਿਆ ਸੀ। ਪਰ ਅਸਲ ਵਿਚ ਪਰਾਈ ਧਰਤੀ ‘ਤੇ ਜਾਕੇ ਉਨ੍ਹਾਂ ਦਾ ਮਨੋਰਥ ਤਾਂ ਆਪਣੇ ਆਪ ਨੂੰ ਉਸ ਮੁਲਕ ਵਿਚ ਕਿਸੇ ਵੀ ਤਰ੍ਹਾਂ ਪੱਕੇ ਪੈਰੀਂ  ਕਰਨ ਦਾ ਸੀ। ਇਸੇ ਲਈ ਹੁਣ ਵੀ ਜਦ ਕੋਈ ਨਵਾਂ ਬੰਦਾ ਜਾਂ ‘ਫੌਜੀ’ ਜਾਂ ਫਰੈਸ਼ੀ ਉਥੇ ਪਹੁੰਚਦਾ ਹੈ ਤਾਂ ਉਹ ਵੀ ਜਾਂਦਿਆਂ ਸਾਰ ਪੱਕੇ ਹੋਣ ਦੇ ਹੀ ਰਾਹ ਤਲਾਸ਼ਦਾ ਹੈ। ਇਸ ਸਥਿਤੀ ਨੂੰ ਨਾਵਲ ਵਿਚ ਬਹੁਤ ਰੌਚਕ ਢੰਗ ਨਾਲ ਪੇਸ਼ ਕੀਤਾ ਗਿਆ ਹੈ। ਵਿਆਹ ਕਰਵਾਕੇ ਬਾਹਰ ਜਾਣ ਵਾਲੇ ਮੁੰਡੇ-ਕੁੜੀਆਂ ਨੂੰ ਵੱਖ-ਵੱਖ ਤਰ੍ਹਾਂ ਦੀਆਂ ਤਕਲੀਫਾਂ ਸਹਿਣੀਆਂ ਪੈਂਦੀਆਂ ਹਨ। ਜਿਨ੍ਹਾਂ ਵਿਚੋਂ ਕਈ ਤਾਂ ਬਹੁਤ ਅਮਾਨਵੀ ਹੋ ਜਾਂਦੀਆਂ ਹਨ। ਇਸੇ ਲਈ ਕੁੜੀਆਂ ਦਾ ਸ਼ਰੀਰਕ ਸ਼ੋਸ਼ਣ ਇਕ ਗੰਭੀਰ ਮਸਲਾ ਬਣਕੇ ਉਭਰਦਾ ਹੈ। ਫਿਰ ਭਾਵੇਂ ਉਹ ਰਜ਼ਾਮੰਦੀ ਨਾਲ ਹੋਵੇ ਜਾਂ ਵਰਗਲਾ ਕੇ ਹੋਵੇ। ਇਹ ਕੁਝ ਅਜਿਹੇ ਮਸਲੇ ਹਨ ਜੋ ਇਸ ਨਾਵਲ ਦੀ ਪਿੱਠ ਭੂੰਮੀ ਵਿਚ ਕੰਮ ਕਰਨ ਵਾਲੇ ਪਾਤਰਾਂ ਦੀ ਮਾਨਸਿਕਤਾ ਨੂੰ ਸਿਰਜਦੇ ਹਨ।

'ਸਾਊਥਾਲ' ਭਾਵੇਂ ਇੰਗਲੈਂਡ ਦਾ ਕੋਈ ਬਹੁਤ ਵੱਡਾ ਜਾਂ ਅਹਿਮ ਇਲਾਕਾ ਨਹੀਂ ਹੈ ਪਰ ਪੰਜਾਬੀਆਂ ਵਿਚ ਇਸ ਨਾਂ ਦੀ ਅਹਿਮੀਅਤ ਕਈ ਗੱਲਾਂ ਤੋਂ ਬਣਦੀ ਹੈ। ਇੰਗਲੈਂਡ ਦੇ ਏਅਰ ਪੋਰਟ ਕੋਲ ਹੋਣ ਕਰਕੇ ਪੰਜਾਬੀਆਂ ਨੇ ਇਸੇ ਥਾਂ ਨੂੰ ਆਪਣੇ ਰਹਿਣ ਲਈ ਚੁਣ ਲਿਆ ਸੀ। ਆਪਣੇ ਧਾਰਮਿਕ ਅਕੀਦਿਆਂ ਮੁਤਾਬਿਕ ਹਰ ਧਰਮ ਅਤੇ ਭਾਈਚਾਰੇ ਨੇ ਆਪਣੇ ਪੂਜਾ ਅਸਥਾਨਾਂ ਦੀ ਉਸਾਰੀ ਵੀ ਕਰ ਲਈ। ਉਥੋਂ ਦੇ ਪੰਜਾਬੀਆਂ ਦੇ ਸਧਾਰਣ ਰੁਝੇਵਿਆਂ ਵਿਚ ਗੁਰਦੁਆਰੇ ਜਾਣਾ ਅਤੇ ਪੱਬ ਜਾਣਾ ਸ਼ਾਮਲ ਹੁੰਦਾ ਹੈ। ਦੋਵੇਂ ਥਾਵਾਂ ਸਮਾਜਕ ਮਿਲਵਰਤਣ ਦੀ ਥਾਂ ਬਣ ਗਏ ਹਨ। ਇਨ੍ਹਾਂ ਥਾਵਾਂ 'ਤੇ ਮਿਲਦਿਆਂ-ਜੁਲਦਿਆਂ ਇਹ ਭਾਈਚਾਰਾ ਆਪਣੇ ਸਮਾਜ-ਸਭਿਆਚਾਰ ਦੀ ਨਿੱਘ ਦਾ ਸੁੱਖ ਮਾਣਦਾ ਪ੍ਰਤੀਤ ਹੁੰਦਾ ਹੈ। ਸਭਿਆਚਾਰਕ ਪ੍ਰਗਟਾਵੇ ਪੱਖੋਂ ਲੋਕ ਇੰਨਾਂ ਸਕੂਨ ਮਹਿਸੂਸ ਕਰਦੇ ਹਨ ਕਿ ਆਪਣੀ ਮਾਤ-ਭੂੰਮੀ ਨਾਲੋਂ ਟੁੱਟਣ ਦਾ ਹੇਰਵਾ ਵੀ ਤਕਰੀਬਨ ਖਤਮ ਹੁੰਦਾ ਜਾਪਦਾ ਹੈ। ਸਾਊਥਾਲ ਕਈ ਗੱਲਾਂ ਕਰਕੇ ਹੋਰਨਾਂ ਇਲਾਕਿਆਂ ਨਾਲੋਂ ਵੱਖਰਾ ਹੈ। ਇਥੇ ਵਸਦੇ ਲੋਕਾਂ ਦਾ ਤਜਰਬਾ ਹੁਣ ਵੱਖਰਾ ਹੈ। ਉਨ੍ਹਾਂ ਦੇ ਮਸਲੇ ਹੁਣ ਪਹਿਲਾਂ ਵਾਲੇ ਨਸਲਵਾਦ ਨਾਲ ਜੂਝਣ ਵਰਗੇ ਨਹੀਂ ਰਹੇ ਸਗੋਂ ਬਦਲ ਰਹੇ ਹਨ ਕਿਉਂਕਿ ਸਾਊਥਾਲ ਆਪਣੇ ਆਪ ਵਿਚ ਮਿੰਨੀ ਪੰਜਾਬ ਹੀ ਲਗਦਾ ਹੈ। ਜਿਵੇਂ ਕਿ ਨਾਵਲ ਵਿਚ ਇੱਕ ਥਾਂ ਆਉਂਦਾ ਹੈ ਕਿ*:-"ਸਾਰੇ ਹੀ ਦੇਸੀ ਚਿਹਰੇ ਹਨ। ਗੋਰਾ ਰੰਗ ਦੇਖਣ ਨੂੰ ਵੀ ਨਹੀਂ ਮਿਲਦਾ।"*[1] ਨਾਵਲਕਾਰ ਨੇ ਜਿਸ ਤਰ੍ਹਾਂ ਇਸਦੇ ਬ੍ਰਾਡਵੇਅ ਅਤੇ ਹੋਰਨਾਂ ਥਾਵਾਂ ਦਾ ਚਿੱਤਰ ਪੇਸ਼ ਕੀਤਾ ਹੈ ਉਹ ਕਿਸੇ ਵੀ ਭਾਰਤੀ ਪੰਜਾਬੀ ਵਸੋਂ ਵਾਲੇ ਇਲਾਕੇ ਨਾਲ ਮੇਲ ਖਾਂਦਾ ਹੈ। ਏਸ਼ੀਆਈ ਵਸੋਂ ਦੀ ਭਰਮਾਰ ਹੋਣ ਕਾਰਣ ਲੋਕਾਂ ਵਿਚ ਕੁਝ ਸਭਿਆਚਾਰਕ ਆਤਮ-ਵਿਸ਼ਵਾਸ ਵੀ ਪੈਦਾ ਹੋ ਚੁੱਕਾ ਹੈ। ਇਸ ਬਾਰੇ ਨਾਵਲ ਵਿਚ ਪੇਸ਼ ਇਹ ਕਥਨ ਵੀ ਇਸੇ ਗੱਲ ਵੱਲ ਇਸ਼ਾਰਾ ਕਰਦਾ ਹੈ:

> *ਨਸਲਵਾਦ ਦਾ ਤਜਰਬਾ ਉਨ੍ਹਾਂ ਲੋਕਾਂ ਨੂੰ ਹੀ ਹੁੰਦਾ ਹੈ ਜਿਹੜੇ ਗੋਰਿਆਂ ਵਿਚ ਵਿਚਰਦੇ ਹਨ, ਜਿਨ੍ਹਾਂ ਦਾ ਗੋਰਿਆਂ ਨਾਲ ਵਾਹ ਪੈਂਦਾ ਹੈ। ਇਹ ਸਾਊਥਾਲ ਨੂੰ ਤਾਂ ਅਸੀਂ ਆਪਣੇ ਸੱਭਿਆਚਾਰ ਲਈ ਜਾਂ ਆਪਣੇ ਰੰਗ ਲਈ ਇਕ ਤਰ੍ਹਾਂ ਦਾ ਕਵੱਚ ਬਣਾ ਲਿਆ ਹੈ। ਇਥੋਂ ਤਕ ਨਸਲਵਾਦੀ ਗੋਰੇ ਪਹੁੰਚ ਨਹੀਂ ਕਰ ਸਕਦੇ। ਜੇ ਕਰਨਗੇ ਤਾਂ ਉਨਾਸੀ ਵਾਲੇ ਦੰਗੇ ਫਿਰ ਭੜਹ ਉੱਠਣਗੇ। ਵੈਸੇ ਵੀ ਇਸ ਸਮਾਜ ਵਿਚ ਅਸੀਂ ਇਕ ਨਵਾਂ ਆਪਣੇ ਢੰਗ ਦਾ ਸਮਾਜ ਵਸਾ ਲਿਆ ਹੈ ਜਿਹਦੇ ਕਰਕੇ ਗੋਰਿਆਂ*

---

[1] ਉਹੀ, ਪੰਨਾ-10

*ਨਾਲ ਸਾਡਾ ਵਾਹ ਨਹੀਂ ਪੈਂਦਾ।...ਇਹ ਮਸਲਾ ਘਸ ਚੁੱਕਾ ਹੈ, ਇਨ੍ਹਾਂ ਘਸ ਗਿਐ ਕਿ ਇਹ ਸਾਨੂੰ ਪਹਿਲਾਂ ਵਾਂਗ ਕਾਟ ਨਹੀਂ ਕਰਦਾ।(ਗਰੇਵਾਲ)*[2]

ਪਰ ਵਰਤਮਾਨ ਵਿਚ ਜਦ ਅਗਲੇਰੀ ਪੀੜ੍ਹੀ ਆਪਣੀ ਸਭਿਆਚਾਰਕ, ਧਾਰਮਿਕ ਤੇ ਸਮਾਜਿਕ ਪਛਾਣ ਬਾਰੇ ਜਾਗਰੂਕ ਹੁੰਦੀ ਹੈ ਤਾਂ ਅਜਿਹੀ ਸਥਿਤੀ ਵਿਚ ਨਵੇਂ ਤਰ੍ਹਾਂ ਦੇ ਮਸਲੇ ਪੈਦਾ ਹੋਣੇ ਲਾਜ਼ਮੀ ਹਨ। ਉਨ੍ਹਾਂ ਦਾ ਵਰਤਮਾਨ ਅਤੇ ਭਵਿੱਖ ਇਕ ਅੱਤ-ਵਿਕਸਿਤ ਦੇਸ਼ ਦੇ ਅਜਿਹੇ ਸਭਿਆਚਾਰ ਨਾਲ ਜੁੜਿਆ ਹੈ ਜਿਸਦੀ ਆਪਣੀ ਇਕ ਵੱਖਰੀ ਕਿਸਮ ਦੀ ਪਰੰਪਰਾ ਰਹੀ ਹੈ। ਪਰ ਇਥੋਂ ਕਾਮੇ ਬਣਕੇ ਗਏ ਪੰਜਾਬੀਆਂ ਜਾਂ ਏਸ਼ੀਆਈ ਲੋਕਾਂ ਨੇ ਉਸ ਸਭਿਆਚਾਰ ਨੂੰ ਸਤਹੀ ਤੌਰ 'ਤੇ ਹੀ ਵੇਖਣ ਦਾ ਜਤਨ ਕੀਤਾ ਸੀ। ਉਸਦੇ ਮਗਰ ਲੱਗਣ ਦੀ ਕੋਸ਼ਿਸ਼ ਵੀ ਕੀਤੀ ਪਰ ਫ਼ਰਕ ਕਿਉਂਕਿ ਸਿਰਫ ਸਭਿਆਚਾਰ ਦਾ ਜਾਂ ਭਾਸ਼ਾ ਦਾ ਹੀ ਨਹੀਂ ਸੀ ਸਗੋਂ ਰੰਗ ਤੇ ਨਸਲ ਦਾ ਵੀ ਸੀ। ਇਨ੍ਹਾਂ ਨਵੀਆਂ ਸਥਿਤੀਆਂ ਨੇ ਹੋਰ ਵੀ ਕਈ ਤਰ੍ਹਾਂ ਦੀਆਂ ਪਰੇਸ਼ਾਨੀਆਂ ਪੈਦਾ ਕੀਤੀਆਂ। ਕੁਝ ਵਿਤਕਰੇ ਅਤੇ ਤੰਗ-ਸੋਚ ਤਾਂ ਲੋਕੀਂ ਇਥੋਂ ਨਾਲ ਹੀ ਲੈਕੇ ਤੁਰੇ ਸਨ ਜਿਸਨੇ ਏਸ਼ੀਆਈ ਮੂਲ ਦੇ ਲੋਕਾਂ ਦੀਆਂ ਆਪਸੀ ਵੱਖਰਤਾਵਾਂ ਨੂੰ ਵੀ ਤਨਾਓ ਦਾ ਰੂਪ ਦੇ ਦਿੱਤਾ। ਘੈਟੋ ਕਲਚਰ ਨੇ ਸਾਊਥਾਲ ਦੇ ਰੂਪ ਵਿਚ ਇਕ ਭੂਗੋਲਿਕ ਸਪੇਸ ਤਾਂ ਪੈਦਾ ਕਰ ਦਿੱਤੀ ਜਿਥੇ ਕਿ ਏਸ਼ੀਆਈ ਮੂਲ ਦੇ ਲੋਕਾਂ ਨੂੰ ਸਭਿਆਚਾਰਕ ਆਤਮ-ਵਿਸ਼ਵਾਸ ਮਿਲਦਾ ਹੈ ਪਰ ਇਸਦੇ ਨਾਲ ਹੀ 'ਹੋਸਟ' ਕਲਚਰ ਨਾਲ ਹੋਣ ਵੇ ਸੰਵਾਦ ਦਾ ਰੂਪ ਬਦਲ ਜਾਂਦਾ ਹੈ। ਪੰਜਾਬ ਦੀ ਨਵੀਂ ਪੀੜ੍ਹੀ ਵੀ ਸਮਕਾਲੀ ਵਿਸ਼ਵੀਕਰਣ ਦੇ ਉਸ ਦੌਰ ਦਾ ਪ੍ਰਭਾਵ ਕਬੂਲ ਕਰਦੀ ਗਈ ਹੈ ਜਿਸ ਵਿਚ ਮਾਨਵੀ ਕਦਰਾਂ ਕੀਮਤਾਂ ਦਾ ਮੁੱਲ, ਖੱਪਤਕਾਰੀ ਮੁੱਲਾਂ ਸਾਹਮਣੇ ਨਿਗੂਣਾ ਹੈ। ਪੱਛਮ ਨੇ ਆਪਣੇ ਵਪਾਰ ਲਈ ਪੂਰਬ ਦੀਆਂ ਰਾਜਨੀਤਕ ਸਰਹੱਦਾਂ ਤਾਂ ਖੋਲ੍ਹ ਲਈਆਂ ਪਰ ਆਪਣੇ ਮੁਲਕਾਂ ਦੀਆਂ ਸਰਹੱਦਾਂ ਏਸ਼ੀਆਈ ਲੋਕਾਂ ਲਈ ਪੂਰੀ ਤਰ੍ਹਾਂ ਨਹੀਂ ਖੋਲ੍ਹੀਆਂ। ਇਸਦੇ ਨਤੀਜੇ ਵਜੋਂ ਹਰ ਹੀਲੇ ਨਾਲ ਵਿਦੇਸ਼ ਜਾਕੇ ਵੱਸਣ ਵਾਲੇ ਲੋਕਾਂ ਵਿਚ ਕੋਈ ਕਮੀਂ ਨਹੀਂ ਆਈ। ਵਰਤਮਾਨ ਧਾਰਮਿਕ ਤੇ ਸਭਿਆਚਾਰਕ ਕੱਟੜਵਾਦ ਅਤੇ ਅਸਹਿਣਸ਼ੀਲਤਾ ਦੇ ਅਸਰ ਹੇਠ ਪਲ਼ੀ ਨਵੀਂ ਪੀੜੀ ਨੂੰ ਵਿਦੇਸ਼ ਵਿਚ ਜਾਕੇ ਆਪਣੇ ਵਿਛੜੇ ਹੋਏ ਕਲਚਰ ਦਾ ਵਧੇਰੇ ਹੇਜ ਆਉਂਦਾ ਹੈ। ਅੱਜ ਦਾ ਦੌਰ ਵੀ ਕਿਉਂਕਿ ਸਥਾਨਕ ਸਭਿਆਚਾਰਾਂ ਨੂੰ ਵਡਿਆਉਣ ਦੀ ਰਾਜਨੀਤੀ ਦਾ ਹੀ ਹੈ, ਜਿਸਦੇ ਅਸਰ ਹੇਠ ਹਰ ਸਭਿਆਚਾਰ ਆਪਣੀਆਂ ਚੰਗੀਆਂ-ਮਾੜੀਆਂ ਹਰ ਕਿਸਮ ਦੀਆਂ ਰੀਤਾਂ-ਰਿਵਾਜ਼ਾਂ ਨੂੰ ਸੰਭਾਲਕੇ ਰੱਖਣਾ ਚਾਹੁੰਦਾ ਹੈ ਤੇ ਆਪਣੀ ਵੱਖਰੀ ਪਛਾਣ ਨੂੰ ਆਪਣੇ ਸਵੈ-ਮਾਣ ਦਾ ਮੁੱਦਾ ਬਣਾ

---

[2] ਹਰਜੀਤ ਅਟਵਾਲ, ਸਾਊਥਾਲ, ਪੰਨਾ-175

ਲਿਆ ਹੈ। ਇਸੇ ਅਮਲ ਵਿਚ ਆਪਣੀ ਵੱਖਰੀ ਪਛਾਣ ਨੂੰ ਕਾਇਮ ਰੱਖਣ ਜਾਂ ਬਚਾਕੇ ਰੱਖਣ ਦੀ ਜੱਦੋ-ਜਹਿਦ ਨੇ ਕਈ ਗ਼ੈਰ-ਮਨੁੱਖੀ ਘਟਨਾਵਾਂ ਨੂੰ ਵੀ ਅੰਜਾਮ ਦਿੱਤਾ। ਇਨ੍ਹਾਂ ਵਿਚੋਂ ਹੀ ਇਕ ਗ਼ੈਰ-ਮਨੁੱਖੀ ਵਰਤਾਰਾ ਹੈ ਔਨਰ ਕਿਲਿੰਗ ਦਾ; ਜਿਸ ਦੁਆਲੇ ਨਾਵਲ ਦਾ ਬਿਰਤਾਂਤ ਉਸਰਦਾ ਜਾਪਦਾ ਹੈ।

ਪੰਜਾਬੀ ਨਾਵਲ ਵਿਚ ਇਹ ਕੁਝ ਅਜਿਹੇ ਨਿਵੇਕਲੇ ਸਰੋਕਾਰ ਹਨ ਜੋ ਇਸ ਨਾਵਲ ਰਾਹੀਂ ਪੇਸ਼ ਹੋ ਰਹੇ ਹਨ। ਇਸ ਤਰ੍ਹਾਂ ਹਰਜੀਤ ਅਟਵਾਲ  ਪਰਵਾਸੀ ਪੰਜਾਬੀ ਸਮਾਜ ਦੇ ਬੇਹੱਦ ਸੰਜੀਦਾ ਸਭਿਆਚਾਰਕ ਮਸਲਿਆਂ ਨੂੰ ਨਵੇਂ ਸੰਦਰਭਾਂ ਵਿਚ ਪ੍ਰਸਤੁਤ ਕਰਨ ਦਾ ਜਤਨ ਕਰਦਾ ਹੈ। ਨਾਵਲ ਦਾ ਕਥਾ ਸੰਸਾਰ ਮੁੱਖ ਤੌਰ ‘ਤੇ ਪੰਜ ਪਰਿਵਾਰਾਂ ਦੀਆਂ ਜੀਵਨ ਘਟਨਾਵਾਂ ਦੁਆਲੇ ਘੁੰਮਦਾ ਹੈ। ਨਾਵਲਕਾਰ ਨੇ ਇਨ੍ਹਾਂ ਦਾ ਬਿਰਤਾਂਤ ਵਾਰੋ ਵਾਰੀ ਪੇਸ਼ ਕੀਤਾ ਹੈ। ਨਾਵਲ ਦੇ ਆਰੰਭ ਵਿਚ ਜਗਮੋਹਨ ਦੀ ਮਨੋ-ਸਥਿਤੀ ਲਈ ਜ਼ਿੰਮੇਵਾਰ ਘਟਨਾ ਦਾ ਜਦ ਅਗਲੇਰੇ ਕਥਾ ਵਿਸਤਾਰ ਨਾਲ ਪ੍ਰਗਟਾਵਾ ਕੀਤਾ ਜਾਂਦਾ ਹੈ ਤਾਂ ਉਹ ‘ਔਨਰ ਕਿਲਿੰਗ’ ਦੀ ਘਟਨਾ ਪੂਰੇ ਨਾਵਲ ਦੇ ਫੋਕਸ ਵਿਚ ਉਤਰ ਜਾਂਦੀ ਹੈ। ਪੰਜਾਬੀ ਜਾਂ ਭਾਰਤੀ ਸਮਾਜ ਆਪਣੀ ਪਰੰਪਰਾ ਵਿਚੋਂ ਔਰਤ ਬਾਰੇ ਜਿਸ ਕਿਸਮ ਦੀ ਮਾਨਸਿਕਤਾ ਨੂੰ ਨਿਭਾਉਂਦਾ ਆਇਆ ਹੈ ਉਹ ਨਵੇਂ ਯੁੱਗ ਵਿਚ ਨਵੇਂ ਹਾਲਾਤ ਜਾਂ ਮਾਹੌਲ ਵਿਚ ਵੀ ਉਸ ਮਾਨਸਿਕਤਾ ਨੂੰ ਤਿਆਗਣ ਲਈ ਤਿਆਰ ਨਹੀਂ ਹੈ। ਨਾਵਲ ਵਿਚ ਇਹ ਮੁੱਦਾ ਬਹੁਤ ਅਹਿਮ ਬਣਕੇ ਉੱਭਰਦਾ ਹੈ ਕਿ ਕਿਸੇ ਇਕ ਸਮਾਜ-ਸਭਿਆਚਾਰ ਵਿਚ ਔਰਤ ਨੂੰ ਕਿਸ ਤਰ੍ਹਾਂ ਦਾ ਸਥਾਨ ਹਾਸਲ ਹੈ। ਇਕ ਪਾਸੇ ਉਸਦਾ ਸ਼ੋਸ਼ਣ ਕਰਨ ਵਾਲੇ ਲੋਕ ਵੀ ਉਸਦੇ ਆਪਣੇ ਹੀ ਸਮਾਜ ਦੇ ਹਨ ਤੇ ਦੂਜੇ ਪਾਸੇ ਉਹੀ ਔਰਤ ‘ਖਾਨਦਾਨੀ ਇੱਜ਼ਤ’ ਦੇ ਦਾਅਵਿਆਂ ਹੇਠ ਕਤਲ ਵੀ ਕਰ ਦਿੱਤੀ ਜਾਂਦੀ ਹੈ। ਨਾਵਲ ਦੀ ਸ਼ੁਰੂਆਤ ਕਿਉਂਕਿ ਸੁੱਖੀ ਦੇ ਕਤਲ ਦੇ ਜ਼ਿਕਰ ਨਾਲ ਹੁੰਦੀ ਹੈ ਇਸ ਲਈ ਇਹ ਮਸਲਾ ਪਾਠਕਾਂ ਦੇ ਮਨ ਵਿਚ ਨਿਰੰਤਰ ਉਤਸੁਕਤਾ ਦਾ ਕਾਰਣ ਵੀ ਬਣਦਾ ਹੈ। ਹਰਜੀਤ ਅਟਵਾਲ ਦੀ ਨਾਵਲੀ ਪੇਸ਼ਕਾਰੀ ਦੀ ਖੂਬੀ ਇਹ ਹੈ ਕਿ ਉਸਨੇ ਔਨਰ ਕਿਲਿੰਗ ਦਾ ਵੇਗ ਪੈਦਾ ਕਰਨ ਵਾਲੀ ਮਨੋ ਅਵਸਥਾ ਨੂੰ ਉਨ੍ਹਾਂ ਪਾਤਰਾਂ ਵਿਚ ਬਾਖੂਬੀ ਪੈਦਾ ਕੀਤਾ ਹੈ ਜਿਹੜੇ ਕਿ ਸਮਾਜ ਵਿਚ ਬਹੁਤ ਸਧਾਰਣ ਢੰਗ ਨਾਲ ਵਿਚਰਦੇ ਜਾਪਦੇ ਹਨ। ਪਰ ਅੰਤ ਵਿਚ ਜਦ ਉਨ੍ਹਾਂ ਦਾ ਆਪਣਾ ਸਾਹਮਣਾ ਸੁੱਖੀ ਵਰਗੀ ਸਥਿਤੀ ਨਾਲ ਹੁੰਦਾ ਹੈ ਤਾਂ ਉਹ ਵੀ ਸਾਧੂ ਸਿੰਘ ਵਾਲਾ ਰਾਹ ਅਪਣਾਉਂਦੇ ਹਨ। ਉਨ੍ਹਾਂ ਦਾ ਜਨੂੰਨ ਪਰਵਾਸੀ ਮਾਹੌਲ ਦੀਆਂ ਸਭਿਆਚਾਰਕ ਸੱਚਾਈਆਂ ਨੂੰ ਅਖੋ-ਪਰੋਖੇ ਕਰ ਦਿੰਦਾ ਹੈ। ਜਿਵੇਂ ਕਿ ਪਾਲਾ ਸਿੰਘ ਸਾਧੂ ਸਿੰਘ ਨਾਲ ਗੱਲ ਕਰਦਾ ਹੈ ਤੇ ਕਹਿੰਦਾ ਹੈ ਕਿ:

*"ਇਹ ਹੀਰੋਇਜ਼ਮ ਜ਼ਿੰਦਗੀ ਦੀ ਸੱਚਾਈ ਨਹੀਂ ਐ, ਸੱਚਾਈ ਇਹ ਐ ਜਿਹੜੀ ਮੈਂ ਭੁਗਤ ਰਿਹਾਂ।"*

*"ਨਹੀਂ ਸੱਚਾਈ ਉਹ ਐ ਸਾਧੂ ਸਿਆਂ, ਜਿਹੜੀ ਮੈਂ ਭੁਗਤ ਰਿਹਾਂ ਜਾਂ ਜੇਲ੍ਹ ਆਉਣ ਤੋਂ ਪਹਿਲਾਂ ਤੂੰ ਭੁਗਤ ਰਿਹਾ ਸੀ। ਸੱਚ ਦੱਸ ਇਹ ਕੰਮ ਕਰਕੇ ਕਿੰਨੀ ਕੁ ਤਸੱਲੀ ਮਿਲੀ ਸੀ?"*

*"ਤਸੱਲੀ ਤਾਂ ਬਹੁਤ ਮਿਲੀ ਸੀ।"*

*"ਬਸ ਏਸ ਤਸੱਲੀ ਨੂੰ ਪ੍ਰਾਪਤ ਕਰਨ ਵਾਸਤੇ ਮੈਂ ਭੱਜਾ ਫਿਰਦਾਂ। ਤੂੰ ਮੇਰੀ ਮਦਦ ਕਰ, ਕੋਈ ਬੰਦਾ ਦੱਸ।"*

ਇਥੇ ਆਪਣੇ ਹੀ ਬੱਚੇ ਦਾ ਕਤਲ 'ਤਸੱਲੀ' ਨੂੰ ਦਰਸਾਉਂਦਾ ਹੈ ਭਾਵ ਇਹ ਕਿ ਭਾਰਤੀ ਸਭਿਆਚਾਰ ਨੇ ਜਿਸ ਵਿਸਤ੍ਰਿਤ ਰਿਸ਼ਤਾ ਨਾਤਾ-ਪ੍ਰਣਾਲੀ ਵਿਚ ਇਕ ਵਿਅਕਤੀ ਦੀ ਹੋਂਦ ਨੂੰ ਨਿਸ਼ਚਿਤ ਕੀਤਾ ਹੋਇਆ ਉਸ ਵਿਚ ਇਕ ਵਿਅਕਤੀ ਨਾਲੋਂ ਉਸਦੇ ਸਮਾਜ ਅਤੇ ਸਭਿਆਚਾਰ ਦਾ ਗੌਰਵ ਵਧੇਰੇ ਅਹਿਮੀਅਤ ਰਖਦਾ ਹੈ। ਜਿਵੇਂ ਕਿ ਨਾਵਲ ਵਿਚ ਇਕ ਥਾਂ ਲਿਖਿਆ ਹੈ:

*ਗੱਲ ਤਾਂ ਗੁਰਦਿਆਲ ਸਿਆਂ ਤੇਰੀ ਠੀਕ ਐ, ਪਰ ਮੈਂ ਏਦਾਂ ਸੋਚਦਾਂ ਕਿ ਬੰਦੇ ਦਾ ਰੋਅਬ ਆਪਣੇ ਭਾਈਚਾਰੇ ਵਿਚ ਈ ਬਣਦੈ, ਹੁਣ ਜੇ ਕਿਸੇ ਨੂੰ ਪਤਾ ਲੱਗਿਆ ਕਿ ਮੋਹਨਦੇਵ ਨੇ ਕਿਸੇ ਭੱਈਏਆਣੀ ਨਾਲ ਵਿਆਹ ਕਰਾ ਲਿਆ ਜੇਹਦੀ ਜਾਤ ਦਾ ਵੀ ਨਹੀਂ ਪਤਾ ਤਾਂ...।*[3]

ਆਪਣੇ ਭਾਈਚਾਰੇ ਵਿਚ ਖਾਨਦਾਨੀ ਇੱਜ਼ਤ ਨੂੰ ਕਾਇਮ ਰੱਖਣ ਖਾਤਿਰ ਉਨ੍ਹਾਂ ਦਾ ਜਨੂੰਨ ਕਿਸ ਹੱਦ ਤੱਕ ਅਮਾਨਵੀ ਹੋ ਜਾਂਦਾ ਹੈ ਅਤੇ ਇਹ ਜਨੂੰਨ ਦੀ ਹੱਦ ਤੱਕ ਕਿੰਝ ਪਹੁੰਚ ਜਾਂਦਾ ਹੈ? ਇਸ ਸਾਰੇ ਅਮਲ ਨੂੰ ਨਾਵਲ ਵਿਚ ਬਹੁਤ ਸਫਲਤਾ ਪੂਰਵਕ ਪੇਸ਼ ਕੀਤਾ ਗਿਆ ਹੈ। ਜਿਵੇਂ ਕਿ ਇਨਾਂ ਪੰਕਤੀਆਂ ਵਿਚ ਵੇਖਿਆ ਜਾ ਸਕਦਾ ਹੈ:

*ਇਕ ਵਾਰ ਉਹ ਪਾਲਾ ਸਿੰਘ ਨੂੰ ਸੜਕ ਤੇ ਤੁਰੇ ਜਾਂਦੇ ਨੂੰ ਦੇਖਦਾ ਹੈ। ਉਹ ਇਵੇਂ ਤਿਆਰ ਬਰ ਤਿਆਰ ਹੈ ਜਿਵੇਂ ਕਿਸੇ ਮੁਹਿੰਮ ਤੇ ਚਲਿਆ ਹੋਵੇ। ਹੁਣ ਤਾਂ ਪਰਦੁੱਮਣ ਸਿੰਘ ਦੀ ਕੁੜੀ ਪਵਨ ਵੀ ਘਰੋਂ ਭੱਜੀ ਹੋਈ ਹੈ। ਉਹ ਕਾਲੇ ਮੁੰਡੇ ਨਾਲ ਦੋਸਤੀ ਛੱਡ ਨਹੀਂ ਸਕਦੀ ਤੇ ਇਕ ਦਿਨ ਅਚਾਨਕ*

---

[3] ਉਹੀ, ਪੰਨਾ-163

*ਰੂਪੋਸ਼ ਹੋ ਜਾਂਦੀ ਹੈ। ਪਰਦੁੱਮਣ ਸਿੰਘ ਦੇ ਭਾੜੇ ਦੇ ਬੰਦੇ ਉਸ ਨੂੰ ਹਰਲ ਹਰਲ ਕਰਦੇ ਲੱਭ ਰਹੇ ਹਨ।*[4]

ਨਾਵਲ ਵਿਚ ਪੰਜਾਬੀ ਔਰਤ ਦੀ ਅਜੋਕੀ ਸਥਿਤੀ ਨੂੰ ਵੀ ਬਹੁਤ ਯਥਾਰਥ ਰੂਪ ਵਿਚ ਉਸਾਰਿਆ ਗਿਆ ਹੈ। ਆਦਮੀ ਤਾਂ ਅੰਗਰੇਜ਼ੀ ਸਭਿਆਚਾਰ ਦੀਆਂ ਸਾਰੀਆਂ ਖੁਲ੍ਹਾਂ ਨੂੰ ਮਾਣ ਰਿਹਾ ਹੈ ਤੇ ਆਪਣੇ ਪੁੱਤਰਾਂ ਲਈ ਵੀ ਨਿਸਚਿੰਤ ਹੈ ਪਰ ਆਪਣੀਆਂ ਧੀਆਂ ਜਾਂ ਔਰਤ ਦੀ ਅਜ਼ਾਦੀ ਨੂੰ ਉਹ ਬਰਦਾਸ਼ਤ ਨਹੀਂ ਕਰ ਸਕਦਾ। ਸਵੀਮਿੰਗ ਪੂਲ ਵਿਚ ਅਜ਼ਾਦ ਤੈਰ ਸਕਣ ਵਾਂਗ ਲੜਕੀਆਂ ਉਥੋਂ ਦੇ ਸਮਾਜ ਦਾ ਹਿੱਸਾ ਤਾਂ ਬਣਦੀਆਂ ਨਜ਼ਰ ਆਉਂਦੀਆਂ ਹਨ ਪਰ ਪੰਜਾਬੀ ਸਮਾਜ ਦੀਆਂ ਜਗੀਰੂ ਕਦਰਾਂ-ਕੀਮਤਾਂ ਦੀਆਂ ਬੰਦਿਸ਼ਾਂ ਉਨ੍ਹਾਂ ਨੂੰ ਘਰ ਤੋਂ ਦੂਰ ਕਰ ਰਹੀਆਂ ਹਨ ਜਾਂ ਫਿਰ ਮੌਤ ਉਨ੍ਹਾਂ ਦੀ ਉਡੀਕ ਕਰਦੀ ਹੈ।

ਜੇਕਰ ਅਸੀਂ ਵਰਤਮਾਨ ਵਿਚ ਵਿਸ਼ਵ ਪੱਧਰ 'ਤੇ ਹੋ ਰਹੀਆਂ ਕੁਝ ਅਹਿਮ ਗਤੀਵਿਧੀਆਂ ਵੱਲ ਨਜ਼ਰ ਮਾਰਦੇ ਹਾਂ ਤਾਂ 'ਔਨਰ ਕਿਲਿੰਗ' ਦਾ ਮਸਲਾ ਧਾਰਮਿਕ ਅਸਹਿਣਸ਼ੀਲਤਾ ਫੈਲਾਉਣ ਵਾਲੀਆਂ ਕਰੂਰ ਕੱਟੜਵਾਦੀ ਤਾਕਤਾਂ ਵਲੋਂ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। ਕਬੀਲਾਈ ਸਮਾਜ ਦੀ ਪਿਤ੍ਰੀਸੱਤਾ ਵਾਲੀ ਮਾਨਸਿਕਤਾ ਹਾਲੇ ਵੀ ਮਰਦ ਪ੍ਰਧਾਨ ਸਮਾਜ ਵਿਚ ਜੀਉਂਦੀ ਹੈ। ਤਾਲੀਬਾਨੀਕਰਣ ਦੇ ਅਜੋਕੇ ਦੌਰ ਵਿਚ ਕੱਟੜਵਾਦ ਆਪਣੇ ਬਹੁਤ ਹੀ ਹਿੰਸਕ ਰੂਪ ਵਿਚ ਸਾਹਮਣੇ ਆ ਰਿਹਾ ਹੈ। ਤਾਲੀਬਾਨੀਕਰਣ ਦਾ ਮੁੱਦਾ ਹੁਣ ਕਿਸੇ ਇਕ ਧਰਮ-ਵਿਸ਼ੇਸ਼ ਦਾ ਨਹੀਂ ਰਿਹਾ ਸਗੋਂ ਅਜਿਹੀ ਮਾਨਸਿਕਤਾ ਦੀ ਪਛਾਨ ਹਰ ਸਮਾਜ ਤੇ ਸਭਿਆਚਾਰ ਵਿਚ ਕੀਤੀ ਜਾ ਸਕਦੀ ਹੈ। ਆਪਣੇ ਧਰਮ ਤੇ ਸਭਿਆਚਾਰ ਦੇ ਨੇਮਾਂ ਨੂੰ ਡਰਾ-ਧਮਕਾ ਕੇ ਲਾਗੂ ਕਰਾਉਣ ਦੀ ਮੁਹਿੰਮ ਨੇ ਅਮਨ-ਪਸੰਦ ਲੋਕਾਂ ਨੂੰ ਦਹਿਸ਼ਤ ਵਿਚ ਪਾਕੇ ਰੱਖਿਆ ਹੋਇਆ ਹੈ। ਅਜਿਹੀ ਸਥਿਤੀ ਵਿਚ ਇਸਦਾ ਸਭ ਤੋਂ ਆਸਾਨ ਸ਼ਿਕਾਰ ਔਰਤ ਹੀ ਹੁੰਦੀ ਹੈ। ਬੁਨਿਆਦੀ ਮਾਨਵ-ਅਧਿਕਾਰਾਂ ਤੋਂ ਪਹਿਲਾਂ ਤੋਂ ਵਾਂਝੀ ਕੀਤੀ ਹੋਈ ਔਰਤ ਨੂੰ ਹੀ 'ਖਾਨਦਾਨੀ ਇੱਜ਼ਤ' ਖਾਤਰ ਕਤਲ ਕਰਨ ਦਾ ਅਮਲ ਹਾਲੇ ਵੀ ਚਲ ਰਿਹਾ ਹੈ। ਨਾਵਲ ਵਿਚ 'ਔਨਰ ਕਿਲਿੰਗ' ਦਾ ਮੁੱਦਾ ਇਕ ਤਰ੍ਹਾਂ ਨਾਲ ਰੋਗਗ੍ਰਸਤ ਸਮਾਜਕ ਵਿਵਸਥਾਵਾਂ ਦਾ ਇਕ ਲੱਛਣ ਬਣਕੇ ਉਭਰਦਾ ਹੈ। ਬਰਤਾਨੀਆ ਵਰਗੇ ਵਿਕਸਿਤ ਸਮਾਜ ਵਿਚ ਜਿਥੇ ਔਰਤ ਨੂੰ ਆਪਣੀ ਵਿਅਕਤੀਗਤ ਅਜ਼ਾਦੀ ਮਾਨਣ ਦਾ ਪੂਰਾ ਅਧਿਕਾਰ ਪ੍ਰਾਪਤ ਹੈ, ਉਥੇ ਵੀ ਭਾਰਤੀ ਜਾਂ ਏਸ਼ੀਆਈ ਸਮਾਜ ਦੀਆਂ ਔਰਤਾਂ ਆਪਣੀਆਂ ਪੁਰਾਣੀਆਂ ਸਮਾਜਕ ਬੰਦਸ਼ਾਂ ਵਿਚ ਵਿਚਰਨ ਲਈ ਮਜਬੂਰ

[4] ਹਰਜੀਤ ਅਟਵਾਲ, ਸਾਊਥਾਲ, ਪੰਨਾ-291

ਜਾਪਦੀਆਂ ਹਨ। ਅਜ਼ਾਦ ਵਿਚਰਨ ਦਾ ਨਤੀਜਾ ਉਸਦੇ ਸ਼ਰੀਰਕ ਸ਼ੋਸ਼ਣ ਲਈ ਜ਼ਿੰਮੇਵਾਰ ਬਣ ਜਾਂਦਾ ਹੈ ਜਾਂ ਘਰੇਲੂ ਹਿੰਸਾ ਦਾ ਜਾਂ ਫਿਰ 'ਔਨਰ ਕਿਲਿੰਗ' ਦਾ। ਨਾਵਲ ਵਿਚ ਕੁਝ ਵਿਸ਼ੇਸ਼ ਮਰਦ ਪਾਤਰਾਂ ਦੁਆਰਾ ਔਰਤਾਂ ਨਾਲ ਕੀਤੇ ਜਾਂਦੇ ਸਲੂਕ ਨੂੰ ਬਹੁਤ ਯਥਾਰਥ ਰੂਪ ਵਿਚ ਪੇਸ਼ ਕੀਤਾ ਹੈ ਤੇ ਇਹੋ ਸਮਾਜ ਵਿਚ ਫੈਲੀ ਹੋਈ ਬਿਮਾਰ ਮਾਨਸਿਕਤਾ ਦੇ ਲੱਛਣਾਂ ਵਾਂਗ ਵੀ ਪੇਸ਼ ਹੁੰਦੇ ਹਨ। ਇਸ ਬਿਮਾਰੀ ਦੀਆਂ ਜੜ੍ਹਾਂ ਸਾਡੇ ਸਭਿਆਚਾਰ ਦੀ ਉਸਾਰੀ ਜਿੰਨੀਆਂ ਪੁਰਾਣੀਆਂ ਹਨ ਤੇ ਦੂਜੇ ਦੇਸ਼ ਦੀ ਧਰਤੀ 'ਤੇ ਜਾਕੇ ਵੀ ਆਪਣਾ ਵਜੂਦ ਤਲਾਸ਼ਦੀਆਂ ਜਾਪਦੀਆਂ ਹਨ। ਸਭਿਆਚਾਰਕ ਆਦਾਨ-ਪ੍ਰਦਾਨ ਦੇ ਉਸਾਰੂ ਅਮਲ ਦੀ ਨਿਖੇਧੀ ਕਰਦੀਆਂ ਅਜਿਹੀਆਂ ਵਾਰਦਾਤਾਂ ਸਮਾਜ ਨੂੰ ਬੁਰਾ ਨਾਮ ਤਾਂ ਦੇ ਹੀ ਰਹੀਆਂ ਹਨ ਨਾਲੇ ਸਭਿਆਚਾਰ ਦੇ ਕੁਦਰਤੀ ਵਿਕਾਸ ਦੇ ਰਾਹ ਵਿਚ ਰੋੜਾ ਵੀ ਬਣ ਰਹੀਆਂ ਹਨ। ਕਿਉਂਕਿ 'ਔਨਰ ਕਿਲਿੰਗ' ਦਾ ਅਮਲ ਪੂਰਾ ਹੋਵੇ ਜਾਂ ਨਾ ਹੋਵੇ ਪਰ ਨਾਵਲ ਵਿਚ ਇਸ ਕੰਮ ਨੂੰ ਵੀ ਕਿਸੇ ਧਾਰਮਿਕ ਭਾਵ ਨਾਲ ਨੇਪਰੇ ਚਾੜ੍ਹਨ ਦੇ ਚਾਹਵਾਨ ਪਾਤਰਾਂ ਦੀ ਮਾਨਸਿਕਤਾ ਰਾਹੀਂ ਇਸ ਬਿਮਾਰੀ ਦੀ ਗੰਭੀਰਤਾ ਦਾ ਪਤਾ ਚਲਦਾ ਹੈ।ਔਨਰ ਕਿਲਿੰਗ ਕੋਈ ਧਾਰਮਿਕ ਮੁੱਦਾ ਨਹੀਂ ਹੈ ਭਾਵੇਂ ਕਿ ਕਈ ਗੁਨਾਹਗਾਰ ਆਪਣੀਆਂ ਕਰਤੂਤਾਂ ਨੂੰ ਧਰਮ ਤੇ ਸਭਿਆਚਾਰ ਦੀ ਦੁਹਾਈ ਦੇਕੇ ਸਹੀ ਠਹਿਰਾਉਂਦੇ ਹਨ। ਇਸ ਵਿਚ ਮੁੱਖ ਮਸਲਾ ਸਭਿਆਚਾਰ ਤੇ ਪੀੜੀ ਪਾੜ੍ਹੇ ਦਾ ਹੈ। ਇਸ ਦੇ ਪਿਛੇ ਕਾਰਣ ਵੀ ਮਰਦ ਪ੍ਰਦਾਨ ਸਮਾਜ ਦੀ ਬੁਨਿਆਦ ਵਿਚ ਪਏ ਹਨ। ਪੁਲਿਸ ਮੁਤਾਬਿਕ ਬਰਤਾਨੀਆ ਵਿਚ ਅਜਿਹੇ ਸਾਲਾਨਾ 12 ਮਾਮਲੇ ਦਰਜ ਹੁੰਦੇ ਹਨ। ਪਰ ਜ਼ਿਆਦਾਤਰ ਜੁਰਜ ਛੁਪੇ ਰਹਿ ਜਾਂਦੇ ਹਨ ਕਿਉਂਕਿ ਇਨ੍ਹਾਂ ਕਤਲਾਂ ਨੂੰ ਖ਼ੁਦਕੁਸ਼ੀ ਦਾ ਰੂਪ ਦੇ ਦਿਤਾ ਜਾਂਦਾ ਹੈ।

ਪਰਵਾਸੀ ਪੰਜਾਬੀ ਸਾਹਿਤ ਦੇ ਨਵੇਂ ਸਰੋਕਾਰਾਂ ਦੇ ਸੰਦਰਭ ਵਿਚ ਅਜਮੇਰ ਰੋਡੇ ਦਾ ਨਾਟਕ '*ਨਿਰਲੱਜ*' *ਵੀ* ਵਿਸ਼ੇਸ਼ ਜ਼ਿਕਰਯੋਗ ਹੈ। ਇਹ ਨਾਟਕ ਪਰਵਾਸੀ ਪੰਜਾਬੀ ਸਮਾਜ ਵਿਚ ਮਾਦਾ ਭਰੂਣ ਹੱਤਿਆ ਦੇ ਸੰਜੀਦਾ ਮਸਲੇ ਨਾਲ ਸੰਬੰਧਤ ਹੈ। ਅਜਮੇਰ ਰੋਡੇ ਪੰਜਾਬੀ ਦਾ ਇਕ ਪ੍ਰਸਿੱਧ ਪਰਵਾਸੀ ਕਵੀ ਹੈ। ਉਹ ਪਿਛਲੇ ਕਈ ਦਹਾਕਿਆਂ ਤੋਂ ਕੈਨੇਡਾ ਵਿਚ ਰਹਿੰਦਿਆਂ ਪੰਜਾਬੀ ਸਾਹਿਤ ਸਿਰਜਣਾ ਦਾ ਕਾਰਜ ਕਰ ਰਿਹਾ ਹੈ। ਮੁੱਖ ਤੌਰ 'ਤੇ ਭਾਵੇਂ ਉਸਦੀ ਪਛਾਣ ਇਕ ਕਵੀ ਵਾਲੀ ਹੈ ਪਰ ਇਸੇ ਕਾਵਿ-ਸੰਵੇਦਨ ਮਨ ਨੇ ਉਸਨੂੰ ਸਮਾਜਿਕ ਸਮੱਸਿਆਵਾਂ ਦੇ ਰੂਬਰੂ ਹੋਣ ਲਈ ਨਾਟਕ ਵਰਗੀ ਕਾਰਜ-ਮੁੱਖੀ ਸਾਹਿਤ ਵਿਧਾ ਵਲ ਵੀ ਪ੍ਰੇਰਿਤ ਕੀਤਾ। ਇਸੇ ਦਾ ਸਿੱਟਾ ਹੈ ਉਸਦਾ ਨਾਟਕ 'ਨਿਰਲੱਜ'। ਉਸਦੀ ਸਾਹਿਤ ਸਿਰਜਣਾ ਭਾਵੇਂ ਪਰਵਾਸ ਵਿਚ ਰਹਿੰਦਿਆਂ ਉਥੇ ਦੇ ਸੰਦਰਭਾਂ ਕਾਰਨ ਜਨਮ ਲੈਂਦੀ ਹੈ ਪਰ ਉਸਦੇ ਸਰੋਕਾਰ ਪੰਜਾਬੀ ਸਮਾਜ ਅਤੇ ਸਭਿਆਚਾਰ ਦੇ ਅਜੋਕੇ ਸੰਦਰਭਾਂ ਨਾਲ ਵੀ ਪੂਰੀ ਤਰ੍ਹਾਂ ਸਮਾਨਤਾ ਦਰਸਾਉਂਦੇ ਹਨ।

ਅਜਮੇਰ ਰੋਡੇ ਪਰਵਾਸੀ ਪੰਜਾਬੀਆਂ ਦੇ ਸਭਿਆਚਾਰਕ ਸੁਭਾ ਦੇ ਤਣਾਓ ਨੂੰ ਵਰਤਮਾਨ ਪਰਸਥਿਤੀਆਂ ਵਿਚ ਪਰਖਣ ਦਾ ਜਤਨ ਕਰਦਾ ਨਜ਼ਰ ਆਉਂਦਾ ਹੈ।

ਅਜਮੇਰ ਰੋਡੇ ਪੰਜਾਬ ਦਾ ਜੰਮਪਲ ਹੈ ਅਤੇ ਪੰਜਾਬ ਦੀ ਆਬੋ-ਹਵਾ ਵਿਚ ਜਵਾਨ ਹੁੰਦਿਆਂ ਉਸਨੇ ਇਥੋਂ ਦੇ ਸਮਾਜ ਅਤੇ ਸਭਿਆਚਾਰ ਨੂੰ ਬਹੁਤ ਬਾਰੀਕਬੀਨੀ ਨਾਲ ਜਾਂਚਿਆ-ਪਰਖਿਆ ਅਤੇ ਗ੍ਰਹਿਣ ਕੀਤਾ ਹੈ। ਇਹੀ ਕਾਰਣ ਹੈ ਕਿ ਜਦ ਉਹ ਵਿਦੇਸ਼ ਵਿਚ ਜਾਕੇ ਵਸਦਾ ਹੈ ਤਾਂ ਆਪਣੇ ਪੰਜਾਬੀ ਸੁਭਾ ਦੀ ਪਛਾਣ ਨੂੰ ਨਾਲ ਲੈਕੇ ਜਾਂਦਾ ਹੈ। ਅਜਮੇਰ ਰੋਡੇ ਨੇ ਜਦ ਕੈਨੇਡਾ ਦੇ ਸਮਾਜਿਕ ਮਾਹੌਲ ਨੂੰ ਵੇਖਿਆ ਤਾਂ ਉਸ ਨਾਲ ਇਕ ਸੰਤੁਲਿਤ ਰਿਸ਼ਤਾ ਕਾਇਮ ਕੀਤਾ। ਜਿਸ ਵਿਚ ਪੰਜਾਬੀ ਸੁਭਾ ਨੂੰ ਜੀਉਂਦਾ ਰਖਦਿਆਂ, ਪੱਛਮੀ ਉਦਾਰਤਾ ਨੂੰ ਵੀ ਆਪਣੇ ਜੀਵਨ ਢੰਗ ਅਤੇ ਸੋਚ ਦਾ ਹਿੱਸਾ ਬਣਾ ਲਿਆ। ਪਰ ਬਾਕੀ ਦੇ ਬਹੁਗਿਣਤੀ ਪਰਵਾਸੀ ਪੰਜਾਬੀ ਇੰਝ ਨਹੀਂ ਕਰ ਸਕੇ। ਉਹ ਪੱਛਮੀ ਚਕਾਚੌਂਧ ਦਾ ਸ਼ਿਕਾਰ ਤਾਂ ਹੋਏ ਹੀ ਅਤੇ ਨਾਲ ਹੀ ਪੰਜਾਬੀ ਸਭਿਆਚਾਰ ਦੀ ਉਹ ਪਿਛਾਂ-ਖਿੱਚੂ ਜਗੀਰੂ ਕਦਰਾਂ-ਕੀਮਤਾਂ ਨੂੰ ਵੀ ਨਾਲ ਹੀ ਲੈ ਆਏ ਜਿਸ ਨੇ ਪੰਜਾਬੀ ਕਿਰਦਾਰ ਨੂੰ ਬਹੁਤ ਢਾਹ ਲਾਈ ਹੈ। ਇਨ੍ਹਾਂ ਪਰਸਥਿਤੀਆਂ ਵਿਚੋਂ ਹੀ ਅਜਮੇਰ ਰੋਡੇ ਸਮਾਜਕ ਸਮੱਸਿਆਵਾਂ ਬਾਰੇ ਆਲੋਚਨਾਤਮਕ ਯਥਾਰਥਵਾਦ ਦੀ ਵਿਧੀ ਨਾਲ ਸਾਹਿਤ ਦੀ ਸਿਰਜਣਾ ਕਰਦਾ ਹੈ।

'ਨਿਰਲੱਜ' ਨਾਟਕ ਪੰਜਾਬੀ ਸਮਾਜ ਵਿਚ ਫੈਲੀ ਉਸ ਰੋਗਗ੍ਰਸਤ ਜਗੀਰੂ ਸੋਚ ਨੂੰ ਆਪਣਾ ਨਿਸ਼ਾਨਾ ਬਣਾਉਂਦਾ ਹੈ ਜਿਸ ਸੋਚ ਨਾਲ ਲੋਕ ਪਰਿਵਾਰ ਵਿਚ ਕੁੜੀਆਂ ਦੀ ਥਾਂ ਮੁੰਡਿਆਂ ਨੂੰ ਤਰਜੀਹ ਦਿੰਦੇ ਹਨ। ਵਿਆਹ ਤੋਂ ਬਾਅਦ *"ਉਹ ਚਾਹੁੰਦੇ ਹਨ ਉਹਨਾਂ ਦਾ ਪਹਿਲਾ ਬੱਚਾ ਮੁੰਡਾ ਹੋਵੇ, ਦੂਜਾ ਵੀ, ਤੀਜਾ ਵੀ..."*[5]। ਇਸ ਮਾਨਸਿਕਤਾ ਨੇ ਮੁੰਡੇ-ਕੁੜੀ ਵਿਚਕਾਰ ਵਿਤਕਰੇ ਨੂੰ ਬਹੁਤ ਭਿਆਨਕ ਹੱਦ ਤਕ ਪਹੁੰਚਾ ਦਿੱਤਾ ਹੈ। ਭਾਵੇਂ ਕਿ ਜਗੀਰਦਾਰੀ ਸਮਾਜਕ ਵਿਵਸਥਾ ਦੇ ਖਾਤਮੇ ਨਾਲ ਕਈ ਦੇਸ਼ਾਂ ਅਤੇ ਸਮਾਜਾਂ ਵਿਚ ਇਹ ਵਿਤਕਰਾ ਬਹੁਤ ਘੱਟ ਗਿਆ ਹੈ ਪਰ ਏਸ਼ੀਆ ਮਹਾਦੀਪ ਵਿਚਲੇ ਕਈ ਦੇਸ਼ਾਂ ਵਿਚ ਹਾਲੇ ਵੀ ਇਹ ਸੋਚ ਭਾਰੂ ਹੈ। ਮੁੰਡੇ ਦੀ ਪ੍ਰਾਪਤੀ ਖਾਤਰ ਕੁੜੀਆਂ ਨੂੰ ਜੰਮਣਸਾਰ ਮਾਰਨਾ ਬਹੁਤ ਪੁਰਾਣੀ ਪ੍ਰਥਾ ਰਹੀ ਹੈ ਪਰ ਹੁਣ ਤਾਂ ਵਿਗਿਆਨਕ ਸਾਧਨਾ ਦੀ ਤਰੱਕੀ ਨਾਲ ਇਹ ਕਾਰਜ ਕੁੱਖ ਵਿਚ ਹੀ ਨੇਪਰੇ ਚਾੜ ਦਿੱਤਾ ਜਾਂਦਾ ਹੈ। ਜਿਵੇਂ ਕਿ ਅਜਮੇਰ ਰੋਡੇ ਟਿੱਪਣੀ ਕਰਦਾ ਹੈ:

---

[5] ਅਜਮੇਰ ਰੋਡੇ, ਪਹਿਲੇ ਸ਼ਬਦ, ਨਿਰਲੱਜ, ਪੰਨਾ-6

*ਭਾਰਤ ਦੇ ਕਈ ਭਾਗਾਂ ਵਿਚ ਜੰਮਦੀ ਕੁੜੀ ਨੂੰ ਮਾਰਨ ਦੀ ਪ੍ਰਥਾ ਸਦੀਆਂ ਪੁਰਾਣੀ ਹੈ। 'ਕੇਵਲ ਮੁੰਡੇ' ਦੇ ਚਾਹਵਾਨ, ਕੁੜੀ ਨੂੰ ਜੰਮਣ ਪਿੱਛੋਂ ਧੁੱਪੇ ਪਾ ਕੇ, ਅਫੀਮ ਚਟਾ ਕੇ, ਭੁੱਖੀ ਰੱਖ ਕੇ, ਗਲ਼ ਘੁੱਟ ਕੇ, ਜਿਉਂਦੀ ਨੱਪ ਕੇ...ਮਾਰ ਦਿੰਦੇ ਸਨ। ਤੇ ਸਾਡੇ ਪੰਜਾਬੀਆਂ ਦੀ 'ਬਹਾਦਰੀ' ਕੇਵਲ ਸ਼ੱਤਰੂਆਂ ਦਾ ਨਾਸ ਕਰਨ ਵਿਚ ਹੀ ਨਹੀਂ ਨੰਨ੍ਹੀਆਂ ਬੱਚੀਆਂ ਦਾ ਬੀਜ ਨਾਸ ਕਰਨ ਵਿਚ ਵੀ ਬਰਾਬਰ ਹੈ।*[6]

ਅਜਮੇਰ ਰੋਡੇ ਲਈ ਇਸ ਸਮਾਜਕ ਲਾਹਨਤ ਵਿਰੁਧ ਅਵਾਜ਼ ਬੁਲੰਦ ਕਰਨ ਦਾ ਇਹ ਇਕ ਤਰ੍ਹਾਂ ਦਾ ਮਕਸਦ ਬਣ ਗਿਆ। ਉਸਨੇ ਕੈਨੇਡਾ ਵਿਚ ਰਹਿੰਦਿਆਂ ਹੋਇਆਂ ਉਥੋਂ ਦੇ ਪੰਜਾਬੀਆਂ ਦੀ ਚੇਤਨਾ ਨੂੰ ਹਲੂਣਾ ਦੇਣ ਲਈ ਇਸ ਨਾਟਕ ਦਾ ਵਿਚਾਰ ਬਣਾਇਆ। ਕੁਝ ਔਰਤ ਜੱਥੇਬੰਦੀਆਂ ਵਲੋਂ ਹੱਲਾਸ਼ੇਰੀ ਮਿਲਣ ਨਾਲ ਇਸ ਵਿਸ਼ੇ ਉੱਪਰ ਨਾਟਕ ਲਿਖਿਆ ਅਤੇ ਕਈ ਥਾਵਾਂ ਉੱਪਰ ਇਸਦੀ ਸਫਲ ਪੇਸ਼ਕਾਰੀ ਵੀ ਕੀਤੀ। ਉਸਦਾ ਕੇਂਦਰ ਬਿੰਦੂ ਪੰਜਾਬੀ ਸਮਾਜ ਇਸ ਲਈ ਵੀ ਰਿਹਾ ਕਿਉਂਕਿ ਇਥੋਂ ਦੇ ਲੋਕਾਂ ਨੇ ਆਪਣੀ ਅਮੀਰ ਸਭਿਆਚਾਰਕ ਪਛਾਣ ਦੇ ਨਾਲ ਨਾਲ ਦੁਨੀਆ ਵਿਚ ਆਪਣੇ ਆਪ ਨੂੰ ਹੀ ਸ਼ਰਮਸਾਰ ਵੀ ਕੀਤਾ ਹੈ। ਅਜਮੇਰ ਰੋਡੇ ਦੇ ਕਥਨ ਮੁਤਾਬਿਕ:

*ਇਸ ਵਿਚ ਹੈਰਾਨੀ ਨਹੀਂ ਹੋਣੀ ਚਾਹੀਦੀ ਕਿਉਂਕਿ ਦੁਨੀਆ ਦਾ ਲਿੰਗ ਟੈਸਟ ਕਰਨ ਵਾਲਾ ਸਭ ਤੋਂ ਪਹਿਲਾ ਕਮਰਸ਼ਲ ਹਸਪਤਾਲ 1979 ਵਿਚ ਅੰਮ੍ਰਿਤਸਰ ਖੁਲ੍ਹਿਆ ਜਿਸਦਾ ਪਹਿਲਾ ਇਸ਼ਤਿਹਾਰ, "ਨਿਊ ਭੰਡਾਰੀ ਐਂਟੀ ਨੇਟਲ ਸੈਕਸ ਡਟਰਮੀਨੇਸ਼ਨ ਕਲਿਨਿਕ" ਨਾਮ ਹੇਠ ਕਈ ਅਖਬਾਰਾਂ ਵਿਚ ਛਪਿਆ। ਇਸ਼ਤਿਹਾਰ ਵਿਚ ਖੁਲ੍ਹਮ ਖੁਲ੍ਹਾ ਕੁੜੀਆਂ ਨੂੰ ਪਰਿਵਾਰ ਉਤੇ 'ਬੋਝ' ਦੱਸਿਆ ਗਿਆ ਸੀ ਅਤੇ ਵੱਧ ਰਹੀ ਅਬਾਦੀ ਕਾਰਨ 'ਦੇਸ਼ ਲਈ ਖਤਰਾ' ਵੀ।*[7]

ਇਸ ਤਰ੍ਹਾਂ ਇਹ ਘਟਨਾਵਾਂ ਅਜਮੇਰ ਰੋਡੇ ਲਈ ਨਾਟਕ ਲਿਖਣ ਦੀ ਪ੍ਰੇਰਣਾ ਦਾ ਕਾਰਣ ਬਣੀਆਂ। ਭਾਵੇਂ ਗੁਰੂਆਂ ਦੀ ਧਰਤੀ ਅੰਮ੍ਰਿਤਸਰ ਵਿਚ ਅਜਿਹਾ ਟੈਸਟ ਸੈਂਟਰ ਖੁਲ੍ਹਣ ਦੀ ਘਟਨਾ ਨੂੰ ਕਰੀਬ ਤਿੰਨ ਦਹਾਕੇ ਹੋ ਚੁੱਕੇ ਹਨ ਪਰ ਇਹ ਮਸਲਾ ਪੰਜਾਬੀਆਂ ਵਿਚ ਪਹਿਲਾਂ ਨਾਲੋਂ ਵੀ ਗੰਭੀਰ ਹੋ ਗਿਆ ਹੈ।

---

[6] ਉਹੀ, ਪੰਨਾ-6

[7] ਅਜਮੇਰ ਰੋਡੇ, ਪਹਿਲੇ ਸ਼ਬਦ, ਨਿਰਲੱਜ, ਪੰਨਾ-8

ਕੁੜੀਆਂ ਨੂੰ ਬੋਝ ਸਮਝਣਾ ਅਤੇ ਮੁੰਡੇ ਦੀ ਪੈਦਾਇਸ਼ ਨੂੰ ਇਕ ਜਸ਼ਨ ਵਾਂਗ ਮਨਾਉਣਾ ਇਸਤਰੀਆਂ ਨਾਲ ਨਾਬਰਾਬਰੀ ਦੇ ਮਿਆਰਾਂ ਨੂੰ ਹੀ ਪੇਸ਼ ਕਰਦਾ ਹੈ। ਵਿਦੇਸ਼ਾਂ ਵਿਚ ਜਾਕੇ ਪੰਜਾਬੀ ਸਮਾਜ ਨੇ ਭਾਵੇਂ ਜਿੰਨੀ ਵੀ ਤਰੱਕੀ ਕਰ ਲਈ ਹੋਵੇ ਪਰ ਇਸਤਰੀਆਂ ਦੀ ਬਰਾਬਰੀ ਦੇ ਮਾਮਲੇ ਵਿਚ ਇਸਦਾ ਰਿਕਾਰਡ ਖਰਾਬ ਹੀ ਨਹੀਂ ਸਗੋਂ ਸ਼ਰਮਸਾਰ ਕਰਨ ਵਾਲਾ ਹੈ। ਕੈਨੇਡਾ ਵਿਚ ਵੀ ਆਪਣੀ ਪਤਨੀ ਨਾਲ ਮਾਰ-ਕੁਟਾਈ ਕਰਨ ਦੇ ਕਈ ਮਾਮਲੇ ਹਰ-ਰੋਜ਼ ਸਾਹਮਣੇ ਆਉਂਦੇ ਹਨ। ਭਾਵੇਂ ਕਿ ਉਥੋਂ ਦੇ ਕਾਨੂੰਨ ਨੇ ਇਨ੍ਹਾਂ ਹਿੰਸਕ ਵਾਰਦਾਤਾਂ ਵਿਚ ਕਮੀਂ ਜ਼ਰੂਰ ਲਿਆਂਦੀ ਹੈ ਪਰ ਮਾਨਸਿਕਤਾ ਵਿਚ ਹਾਲੇ ਵੀ ਨਾਬਰਾਬਰੀ ਵੱਸੀ ਹੋਈ ਹੈ।

ਕਨੇਡਾ ਵਿਚ ਵਸਦੇ ਇਕ ਹੋਰ ਕਹਾਣੀਕਾਰ ਜਰਨੈਲ ਸਿੰਘ ਦੀ ਬਹੁ-ਚਰਚਿੱਤ ਕਹਾਣੀ 'ਟਾਵਰਜ਼' ਵੀ ਅਜੋਕੇ ਸਮੇਂ ਵਿਚ ਕੁਝ ਨਵੇਂ ਸਰੋਕਾਰਾਂ ਨਾਲ ਰੂਬਰੂ ਹੁੰਦੀ ਹੈ। ਜਰਨੈਲ ਸਿੰਘ ਪੰਜਾਬੀ ਦਾ ਇਕ ਸਥਾਪਿਤ ਕਹਾਣੀਕਾਰ ਹੈ। ਉਸਦਾ ਕਹਾਣੀ ਸੰਗ੍ਰਹਿ 'ਟਾਵਰਜ਼' ਕਈ ਗੱਲਾਂ ਕਰਕੇ ਚਰਚਾ ਵਿਚ ਰਿਹਾ ਹੈ। ਇਸ ਕਹਾਣੀ ਸੰਗ੍ਰਹਿ ਵਿਚਲੀ ਕਹਾਣੀ 'ਟਾਵਰਜ਼' ਵਿਧੀ ਅਤੇ ਵਿਸ਼ੇ ਪੱਖੋਂ ਕੁਝ ਨਵੇਂ ਸਰੋਕਾਰਾਂ ਅਤੇ ਸੰਦਰਭਾਂ ਨਾਲ ਆਪਣਾ ਵਾਸਤਾ ਜੋੜਦੀ ਹੈ। ਇਸ ਕਹਾਣੀ ਨੂੰ ਅਜੋਕੇ ਅੰਤਰਰਾਸ਼ਟਰੀ ਅਤੰਕਵਾਦ ਦੇ ਸੰਦਰਭ ਵਿਚ ਰੱਖਕੇ ਵਿਚਾਰਿਆਂ ਇਹ ਗੱਲ ਸਪਸ਼ਟ ਹੋਕੇ ਉਭਰਦੀ ਹੈ ਕਿ ਪਰਵਾਸੀ ਪੰਜਾਬੀ ਲੇਖਕ ਅਜੋਕੀ ਸਥਿਤੀ ਵਿਚ ਆਪਣੀ ਪਛਾਣ ਬਨਾਉਣ ਅਤੇ ਕਾਇਮ ਰੱਖਣ ਦੀ ਜੱਦੋ ਜਹਿਦ ਵਿਚ ਪਿਆ ਹੋਇਆ ਹੈ। ਪੰਜਾਬ ਨੇ ਪਿਛਲੇ ਕੁਝ ਦਹਾਕਿਆਂ ਵਿਚ ਬਹੁਤ ਉਥਲ-ਪੁਥਲ ਦਾ ਸਮਾਂ ਹੰਢਾਇਆ ਹੈ। ਦਹਿਸ਼ਤਗਰਦੀ ਦੇ ਦੌਰ ਵਿਚ ਪੰਜਾਬੀਆਂ ਨੇ ਜੋ ਮਾਨਸਿਕ ਕਸ਼ਟ ਬਰਦਾਸ਼ਤ ਕੀਤੇ ਸਨ ਉਹ ਕਿਸੇ ਨਾ ਕਿਸੇ ਹੱਦ ਤਕ ਉਨ੍ਹਾਂ ਦੇ ਸੁਭਾ ਵਿਚ ਰਚਮਿੱਚ ਗਏ। ਇਕ ਅਸੁਰਖਿਆ ਦੀ ਭਾਵਨਾਂ ਉਨ੍ਹਾਂ ਦੀ ਮਾਨਸਿਕਤਾ ਵਿਚ ਘਰ ਕਰ ਚੁੱਕੀ ਹੈ। ਇਸੇ ਲਈ ਟਵਿੱਨ ਟਾਵਰਜ਼ ਨੂੰ ਢਾਹੇ ਜਾਣ ਵਰਗੀਆਂ ਘਟਨਾਵਾਂ ਤੋਂ ਬਾਅਦ ਵਿਦੇਸ਼ਾਂ ਵਿਚ ਆਪਣੀ ਵਫਾਦਾਰੀ ਸਾਬਤ ਕਰਨ ਦਾ ਸਵਾਲ ਪੈਦਾ ਹੋ ਜਾਂਦਾ ਹੈ। ਦਹਿਸ਼ਤਵਾਦ ਦੇ ਦੌਰ ਵਿਚ ਹੋਈਆਂ ਦਿੱਲੀ ਦੰਗਿਆਂ ਵਰਗੀਆਂ ਕਰੂਰ ਘਟਨਾਵਾਂ ਮਗਰੋਂ ਵੀ ਅਜਿਹੀ ਸਥਿਤੀ ਬਣੀ ਸੀ ਤੇ ਹੁਣ ਅੰਤਰ-ਰਾਸ਼ਟਰੀ ਅੰਤਕਵਾਦ ਕਾਰਣ ਪੱਛਮੀ ਦੇਸ਼ ਜਿਸ ਸੰਦੇਹ ਨਾਲ ਏਸ਼ੀਆਈ ਲੋਕਾਂ ਨੂੰ ਵੇਖਦੇ ਹਨ ਉਸ ਸਥਿਤੀ ਵਿਚ ਫਿਰ ਤੋਂ ਭਾਰਤੀਆਂ ਖਾਸ ਕਰਕੇ ਪੰਜਾਬੀਆਂ-ਸਿੱਖਾਂ ਨੂੰ ਆਪਣੀ ਨਿਵੇਕਲੀ ਪਛਾਣ ਸੰਬੰਧੀ ਮਸਲਿਆਂ ਨਾਲ ਜੂਝਣਾ ਪਿਆ ਹੈ।

ਸਮੁੱਚੇ ਤੌਰ 'ਤੇ ਅਸੀਂ ਕਹਿ ਸਕਦੇ ਹਾਂ ਕਿ ਪਰਵਾਸੀ ਪੰਜਾਬੀ ਸਾਹਿਤਕਾਰ ਨਿਰ-ਸੰਦੇਹ ਬੇਬਾਕੀ ਨਾਲ ਆਪਣੇ ਭਾਈਚਾਰੇ ਦੇ ਆਚਾਰ ਵਿਹਾਰ ਨਾਲ ਸੰਬੰਧਤ ਮਸਲਿਆਂ ਨੂੰ ਉਠਾ ਰਹੇ ਨੇ ਅਤੇ ਵਿਦੇਸ਼ਾਂ ਵਿਚ ਵਸਣ ਦੇ ਅਮਲ ਵਾਸਤੇ ਇੱਕ ਸੰਵਾਦੀ ਪ੍ਰਵਚਨ ਦੀ ਤਲਾਸ਼ ਕਰ ਰਹੇ ਹਨ।

---